ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 27 | Wednesday, February 09, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਆਪਣੀ ਹੀ ਸਰਕਾਰ ਦੀਆਂ ਮਹਾਂਮਾਰੀ ਸਬੰਧੀ ਨੀਤੀਆਂ ਦੀ ਲਿਬਰਲ ਐਮਪੀ ਨੇ ਕੀਤੀ ਨਿਖੇਧੀ

ਓਟਵਾ, 8 ਫਰਵਰੀ (ਪੋਸਟ ਬਿਊਰੋ) : ਲਿਬਰਲ ਐਮਪੀ ਨੇ ਚੁੱਪੀ ਤੋੜਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਪ੍ਰੋਵਿੰਸ਼ੀਅਲ ਸਰਕਾਰ ਦੀਆਂ ਮਹਾਂਮਾਰੀ ਸਬੰਧੀ ਨੀਤੀਆਂ ਖਿਲਾਫ ਆਵਾਜ਼ ਉਠਾਉਣ ਦੇ ਨਾਲ ਨਾਲ ਟਰੱਕਰ ਕੌਨਵੌਏ ਵੱਲੋਂ ਜਾਰੀ ਮੁਜ਼ਾਹਰੇ ਨਾਲ ਗਲਤ ਢੰਗ ਨਾਲ ਨਜਿੱਠਣ ਲਈ ਸਿਆਸਤਦਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਨਿਖੇਧੀ ਵੀ ਕੀਤੀ।

ਲੁਈ ਹਬਰਟ, ਕਿਊਬਿਕ ਤੋਂ ਐਮਪੀ ਜੋਇਲ ਲਾਈਟਬਾਊਂਡ ਨੇ ਪਾਰਲੀਆਮੈਂਟ ਹਿੱਲ ਉੱਤੇ ਪ੍ਰੈੱਸ ਕਾਨਫਰੰਸ ਕੀਤੀ ਜਿੱਥੇ ਉਨ੍ਹਾਂ ਆਖਿਆ ਕਿ ਕੋਵਿਡ-19 ਨੀਤੀਆਂ ਖਿਲਾਫ ਰੋਸ ਜ਼ਾਹਿਰ ਕਰਨ ਵਾਲਿਆਂ ਦੀ ਚਿੰਤਾ ਜਾਇਜ਼ ਹੈ ਤੇ ਉਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਲਾਈਟਬਾਊਂਡ ਨੇ ਆਖਿਆ ਕਿ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਕੈਨੇਡੀਅਨਜ਼ ਦੀ ਮਾਨਸਿਕ ਸਿਹਤ ਉੱਤੇ ਜੋ ਅਸਰ ਪੈ ਰਿਹਾ ਹੈ, ਜਿਸ ਤਰ੍ਹਾਂ ਪਰਿਵਾਰ ਵੰਡੇ ਜਾ ਰਹੇ ਹਨ ਤੇ ਜਿਸ ਤਰ੍ਹਾਂ ਲੋਕਾਂ ਦੀਆਂ ਨੌਕਰੀਆਂ ਖੁੱਸ ਰਹੀਆਂ ਹਨ ਉਸ ਤੋਂ ਸਿਆ-ਸਤਦਾਨ ਬੇਪਰਵਾਹ ਹਨ।



ਉਨ੍ਹਾਂ ਆਖਿਆ ਕਿ ਪਿਛਲੇ ਕੁੱਝ ਹਫਤਿਆਂ ਵਿੱਚ ਉਨ੍ਹਾਂ ਦੇ ਹਲਕੇ ਦੇ ਸੈਂਕੜੇ ਲੋਕਾਂ ਵੱਲੋਂ ਉਨ੍ਹਾਂ ਤੱਕ ਪਹੁੰਚ ਕਰਕੇ ਆਪਣੀ ਤਕਲੀਫ ਉਨ੍ਹਾਂ ਨਾਲ ਸਾਂਝੀ ਕੀਤੀ ਗਈ। ਇਨ੍ਹਾਂ ਲੋਕਾਂ ਦਾ ਤਾਜ਼ਾ ਮੁਜ਼ਾਹਰਿਆਂ ਨਾਲ ਕੋਈ ਲੈਣਾ ਦੇਣਾ ਨਹੀਂ ਸੀ, ਉਨ੍ਹਾਂ ਨੇ ਬਹੁਤੀ ਹੱਦ ਤੱਕ ਵੈਕਸੀਨੇਸ਼ਨ ਵੀ ਕਰਵਾਈ ਹੋਈ ਸੀ। ਪਿਛਲੇ ਦੋ ਸਾਲਾਂ ਵਿੱਚ ਜੋ ਕੁੱਝ ਵੀ ਸਰਕਾਰ ਵੱਲੋਂ ਆਖਿਆ ਗਿਆ ਉਨ੍ਹਾਂ ਵੱਲੋਂ ਕੀਤਾ ਗਿਆ।

ਉਨ੍ਹਾਂ ਆਖਿਆ ਕਿ ਸਿਆਸੀ ਆਗੂ ਕੈਨੇਡੀਅਨਜ਼ ਨੂੰ ਪਬਲਿਕ ਹੈਲਥ ਮਾਪਦੰਡਾਂ ਨੂੰ ਜਾਰੀ ਰੱਖਣ ਦਾ ਕਾਰਨ ਸਮਝਾਉਣ ਵਿੱਚ ਅਸਫਲ ਰਹੇ ਹਨ, ਕਰੌਸ ਬਾਰਡਰ ਟਰੱਕਰਜ਼ ਲਈ ਲਾਜ਼ਮੀ ਕੀਤੀ ਗਈ ਵੈਕਸੀਨ ਇਸ ਦੀ ਤਾਜ਼ਾ ਮਿਸਾਲ ਹੈ। ਲਾਈਟਬਾਊਂਡ ਨੇ ਆਖਿਆ ਕਿ ਪਿਛਲੀਆਂ ਫੈਡਰਲ ਚੋਣਾਂ ਦੌਰਾਨ ਵੈਕਸੀਨਜ਼ ਸਬੰਧੀ ਨਿਯਮਾਂ ਦੇ ਸਿਆਸੀਕਰਨ ਤੋਂ ਉਹ ਸਹਿਜ ਨਹੀਂ ਹੋ ਪਾਏ ਪਰ ਓਮਾਈਕ੍ਰੌਨ ਵੇਰੀਐਂਟ ਦੀ ਸ਼ੁਰੂਆਤ ਨਾਲ ਉਨ੍ਹਾਂ ਦੇ ਅੰਦਰ ਬੇਚੈਨੀ ਪੈਦਾ ਹੋਣ ਲੱਗੀ ਤੇ ਉਨ੍ਹਾਂ ਆਪਣੀ ਇਸ ਬੇਚੈਨੀ ਨੂੰ ਜਨਤਕ ਤੌਰ ਉੱਤੇ ਸਾਂਝਾ ਕਰਨ ਦਾ ਫੈਸਲਾ ਕੀਤਾ ਹੈ।

ਇਸ ਉੱਤੇ ਟਰੂਡੋ ਨੇ ਆਖਿਆ ਕਿ ਹਰ ਕੋਈ ਪਾਬੰਦੀਆਂ ਤੋਂ ਅੱਕ ਚੁੱਕਿਆ ਹੈ ਪਰ ਉਨ੍ਹਾਂ ਦੀ ਸਰਕਾਰ ਪਬਲਿਕ ਹੈਲਥ ਗਾਇਡੈਂਸ ਦੀ ਪਾਲਣਾ ਕਰਨਾ ਜਾਰੀ ਰੱਖੇਗੀ। ਇਸ ਦੌਰਾਨ ਮੰਗਲਵਾਰ ਦੁਪਹਿਰ ਨੂੰ ਲਾਈਟਬਾਊਂਡ ਨੇ ਕਿਊਬਿਕ ਕਾਕਸ ਦੇ ਚੇਅਰ ਦਾ ਅਹੁਦਾ ਛੱਡਣ ਦਾ ਐਲਾਨ ਵੀ ਕੀਤਾ। ਚੀਫ ਗਵਰਮੈਂਟ ਵ੍ਹਿਪ ਸਟੀਵਨ ਮੈਕਕਿਨਨ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਚੇਅਰ ਦੀ ਭੂਮਿਕਾ ਤੋਂ ਲਾਈਟਬਾਊਂਡ ਵੱਲੋਂ ਦਿੱਤਾ ਗਿਆ ਅਸਤੀਫਾ ਸਵੀਕਾਰ ਕਰ ਲਿਆ ਗਿਆ ਹੈ ਪਰ ਉਹ ਨੈਸ਼ਨਲ ਕਾਕਸ ਦੇ ਮੈਂਬਰ ਬਣੇ ਰਹਿਣਗੇ।

## ਓਟਵਾ ਦੀਆਂ ਸੜਕਾਂ ਨੂੰ ਘੇਰਾ ਪਾਈ ਬੈਠੇ ਟਰੱਕਾਂ ਨੂੰ ਹਟਾਉਣ ਤੋਂ ਟੋਅ ਟਰੱਕ ਕੰਪਨੀਆਂ ਨੇ ਕੀਤਾ ਇਨਕਾਰ

ਓਟਵਾ, 8 ਫਰਵਰੀ (ਪੋਸਟ ਬਿਊਰੋ) : ਲਗਾਤਾਰ ਦੂਜੇ ਹਫਤੇ ਓਟਵਾ ਦੇ ਡਾਊਨਟਾਊਨ ਵਿੱਚ ਸੜਕਾਂ ਨੂੰ ਬਲਾਕ ਕਰੀ ਬੈਠੇ ਵੱਡੇ ਟਰੱਕਾਂ ਨੂੰ ਹਟਾਉਣ ਤੋਂ ਉਨ੍ਹਾਂ ਟੋਅ ਟਰੱਕ ਕੰਪਨੀਆਂ ਨੇ ਇਨਕਾਰ ਕਰ ਦਿੱਤਾ ਹੈ ਜਿਨ੍ਹਾਂ ਦਾ ਸਿਟੀ ਨਾਲ ਕਾਂਟਰੈਕਟ ਸੀ। ਇਹ ਜਾਣਕਾਰੀ ਓਟਵਾ ਸਿਟੀ ਦੇ ਮੈਨੇਜਰ ਨੇ ਦਿੱਤੀ।

ਸਟੀਵ ਕੈਨੇਲਾਕੌਸ ਨੇ ਆਖਿਆ ਕਿ ਇਨ੍ਹਾਂ ਕੰਪਨੀਆਂ ਵੱਲੋਂ ਅਜਿਹਾ ਫੈਸਲਾ ਇਸ ਲਈ ਵੀ ਕੀਤਾ ਗਿਆ ਮੰਨਿਆ ਜਾ ਰਿਹਾ ਹੈ ਕਿਉਂਕਿ ਇਨ੍ਹਾਂ ਦਾ ਬਹੁਤਾ ਕਾਰੋਬਾਰ ਇਸ ਹੈਵੀ ਟਰੱਕ ਇੰਡਸਟਰੀ ਦੇ ਸਿਰ ਉੱਤੇ ਹੀ ਚੱਲਦਾ ਹੈ ਤੇ ਇਸੇ ਲਈ ਉਹ ਇਹ ਕਦਮ ਚੁੱਕ ਕੇ ਆਪਣੇ ਢਿੱਡ ਉੱਤੇ ਲੱਤ ਨਹੀਂ ਮਾਰਨੀ ਚਾਹੁੰਦੀਆਂ। ਉਨ੍ਹਾਂ ਆਖਿਆ ਕਿ ਅਜਿਹੇ ਕਸੂਤੇ ਹਾਲਾਤ ਵਿੱਚ ਇਨ੍ਹਾਂ ਕੰਪਨੀਆਂ ਨਾਲ ਕੀਤੇ ਕਾਂਟਰੈਕਟਸ ਦਾ ਸਿਟੀ ਵੱਲੋਂ ਮੁਲਾਂਕਣ ਕੀਤਾ ਜਾ ਰਿਹਾ ਹੈ।



ਜ਼ਿਕਰਯੋਗ ਹੈ ਕਿ ਵੈਕਸੀਨ ਲਾਜ਼ਮੀ ਕੀਤੇ ਜਾਣ ਸਬੰਧੀ ਨਿਯਮ ਦਾ 28 ਜਨਵਰੀ ਤੋਂ ਇਨ੍ਹਾਂ ਟਰੱਕਰਜ਼ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਉਦੋਂ ਤੋਂ ਹੀ ਟਰੱਕ ਸਿਟੀ ਦੀਆਂ ਸੜਕਾਂ ਘੇਰੀ ਬੈਠੇ ਹਨ ਤੇ ਦਿਨ ਰਾਤ ਇਨ੍ਹਾਂ ਟਰੱਕਾਂ ਵੱਲੋਂ ਹੌਰਨ ਵਜਾਏ ਜਾ ਰਹੇ ਹਨ। ਇਸ ਦੌਰਾਨ ਓਟਵਾ ਦੇ ਮੇਅਰ ਵੱਲੋਂ ਓਨਟਾਰੀਓ ਦੀਆਂ ਹੋਰਨਾਂ ਸਿਟੀਜ਼ ਤੋਂ ਵੀ ਮਦਦ ਮੰਗੀ ਜਾ ਰਹੀ ਹੈ। ਕੈਨੇਲਾਕੌਸ ਨੇ ਆਖਿਆ ਕਿ ਇਹ ਟੋਅ ਕੰਪਨੀਆਂ ਓਟਵਾ ਸਿਟੀ ਲਈ ਹੋਰ ਕੰਮ ਕਰ ਰਹੀਆਂ ਹਨ ਤੇ ਰੋਜ਼ਾਨਾਂ ਟੋਅ ਕੀਤੀਆਂ ਜਾਣ ਵਾਲੀਆਂ ਗੱਡੀਆਂ ਨੂੰ ਟੋਅ ਵੀ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਓਟਵਾ ਦੇ ਡਿਪਟੀ ਪੁਲਿਸ ਚੀਫ ਨੇ ਮੰਗਲਵਾਰ ਨੂੰ ਆਖਿਆ ਕਿ ਸਿਟੀ ਦੇ ਡਾਊਨਟਾਊਨ ਵਿੱਚ ਖੜ੍ਹੇ ਇਨ੍ਹਾਂ 418 ਟਰੱਕਾਂ ਵਿੱਚ ਬੱਚੇ ਵੀ ਮੌਜੂਦ ਹਨ। ਸਟੀਵ ਬੈੱਲ ਨੇ ਆਖਿਆ ਕਿ ਬੱਚਿਆਂ ਨੂੰ ਹਟਾਉਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ਪਰ ਉਨ੍ਹਾਂ ਆਖਿਆ ਕਿ ਠੰਢ ਤੇ ਖਰਾਬ ਮੌਸਮ ਦੇ ਬੱਚਿਆਂ ਉੱਤੇ ਪੈਣ ਵਾਲੇ ਅਸਰ ਨੂੰ ਲੈ ਕੇ ਉਹ ਪਰੇਸ਼ਾਨ ਹਨ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਨ੍ਹਾਂ ਮੁਜ਼ਾਹਰਿਆਂ ਦੇ ਸਬੰਧ ਵਿੱਚ 22 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ 1300 ਟਿਕਟਾਂ ਵੀ ਜਾਰੀ ਕੀਤੀਆਂ ਗਈਆਂ ਹਨ।

## ਮੁਜ਼ਾਹਰਿਆਂ ਕਾਰਨ ਅੰਬੈਸਡਰ ਬ੍ਰਿੱਜ ਕੀਤਾ ਗਿਆ ਬੰਦ!

ਓਨਟਾਰੀਓ, 8 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਵਿੰਡਸਰ, ਓਨਟਾਰੀਓ ਤੇ ਡਿਟਰੌਇਟ ਦਰਮਿਆਨ ਦੋਵਾਂ ਪਾਸਿਆਂ ਤੋਂ ਹੀ ਅੰਬੈਸਡਰ ਬ੍ਰਿੱਜ ਉੱਤੇ ਕਿਸੇ ਪਾਸਿਓਂ ਦਾਖਲਾ ਨਹੀਂ ਹੈ। ਅਜਿਹਾ ਲਾਜ਼ਮੀ ਕੀਤੀ ਗਈ ਵੈਕਸੀਨੇਸ਼ਨ ਦਾ ਵਿਰੋਧ ਕਰਨ ਵਾਲਿਆਂ ਦੀ ਬਦੌਲਤ ਹੋ ਰਿਹਾ ਹੈ।

ਅਸੈਕਸ ਕਾਊਂਟੀ ਵਿੱਚ ਓਪੀਪੀ ਵੱਲੋਂ ਜਾਰੀ ਇੱਕ ਬਿਆਨ ਵਿੱਚ ਆਖਿਆ ਗਿਆ ਕਿ ਸੋਮਵਾਰ ਨੂੰ ਰਾਤੀਂ 8:00 ਵਜੇ ਡਿਟਰੌਇਟ ਤੇ ਵਿੰਡਸਰ ਦਰਮਿਆਨ ਸੱਭ ਤੋਂ ਵੱਡੇ ਲਾਂਘੇ ਤੱਕ ਕੈਨੇਡਾ ਤੇ ਅਮਰੀਕਾ ਵੱਲੋਂ ਪਹੁੰਚ ਨਹੀਂ ਸੀ ਕੀਤੀ ਜਾ ਰਹੀ। ਇੱਥੇ ਵੱਡੀ ਮਾਤਰਾ ਵਿੱਚ ਟਰੈਫਿਕ ਜਾਮ ਹੋ ਗਿਆ ਸੀ। ਇਸ ਦੌਰਾਨ ਲੋਕਾਂ ਨੂੰ ਇਸ ਇਲਾਕੇ ਵਿੱਚ ਨਾ ਆਉਣ ਜਾਂ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਕੋਈ ਬਦਲਵਾਂ ਰਾਹ ਅਪਨਾਉਣ ਦੀ ਸਲਾਹ ਦਿੱਤੀ ਜਾ ਰਹੀ ਸੀ। ਲੋਕਾਂ ਨੂੰ ਸਾਰਨੀਆ ਵਿਚਲੇ ਬਲੂਵਾਟਰ ਬ੍ਰਿੱਜ ਰਾਹੀਂ ਲੰਘਣ ਲਈ ਵੀ ਆਖਿਆ ਜਾ ਰਿਹਾ ਸੀ।



ਪੁਲਿਸ ਨੇ ਇਹ ਵੀ ਆਖਿਆ ਕਿ ਜਿਵੇਂ ਹੀ ਅਪਡੇਟਸ ਆਉਣਗੀਆਂ, ਉਨ੍ਹਾਂ ਬਾਰੇ ਸਾਰਿਆਂ ਨੂੰ ਆਗਾਹ ਕੀਤਾ ਜਾਵੇਗਾ। ਰੋਜ਼ਾਨਾਂ ਇਸ ਅੰਬੈਸਡਰ ਬ੍ਰਿੱਜ ਰਾਹੀਂ 10,000 ਕਮਰਸ਼ੀਅਲ ਗੱਡੀਆਂ ਗੁਜ਼ਰਦੀਆਂ ਹਨ ਤੇ ਇਹ ਵਪਾਰ ਦੇ ਲਿਹਾਜ ਨਾਲ ਸੱਭ ਤੋਂ ਮਸ਼ਰੂਫ ਰਹਿਣ ਵਾਲੀ ਕੌਮਾਂਤਰੀ ਸਰਹੱਦ ਹੈ। ਸੋਸ਼ਲ ਮੀਡੀਆ ਉੱਤੇ ਪੋਸਟ ਕੀਤੀਆਂ ਗਈਆਂ ਵੀਡੀਓਜ਼ ਵਿੱਚ ਇਸ ਬ੍ਰਿੱਜ ਉੱਤੇ ਟਰੱਕਰਜ਼ ਵੱਲੋਂ ਲਾਇਆ ਗਿਆ ਜਾਮ ਸਾਫ ਨਜ਼ਰ ਆਉਂਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡੀਅਨ ਪਾਸੇ ਵੱਲ ਦਾਖਲ ਹੋਣ ਲਈ ਘੱਟੋ ਘੱਟ ਦੋ ਘੰਟੇ ਦਾ ਲੰਮਾਂ ਇੰਤਜ਼ਾਰ ਤੱਕ ਕਰਨਾ ਪੈ ਰਿਹਾ ਹੈ।

ਇਸ ਦੌਰਾਨ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਵੱਲੋਂ ਕੀਤੇ ਗਏ ਐਲਾਨ ਵਿੱਚ ਸਰਕਾਰੀ ਵੈੱਬਸਾਈਟ ਉੱਤੇ ਆਖਿਆ ਗਿਆ ਹੈ ਕਿ ਅੰਬੈਸਡਰ ਬ੍ਰਿੱਜ ਨੂੰ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ ਹੈ।

## ਗਰੌਸਰੀ ਸਟੋਰਜ਼ ਉੱਤੇ ਮੁਫਤ ਕੋਵਿਡ-19 ਰੈਪਿਡ ਟੈਸਟਸ ਮੁਹੱਈਆ ਕਰਵਾਏਗੀ ਓਨਟਾਰੀਓ ਸਰਕਾਰ



ਓਨਟਾਰੀਓ, 8 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਪ੍ਰੋਵਿੰਸ ਭਰ ਦੇ ਗਰੌਸਰੀ ਸਟੋਰਜ਼ ਉੱਤੇ ਮੁਫਤ ਕੋਵਿਡ-19 ਰੈਪਿਡ ਟੈਸਟਸ ਮੁਹੱਈਆ ਕਰਵਾਏ ਜਾਣਗੇ। ਓਨਟਾਰੀਓ ਸਰਕਾਰ ਦੇ ਅੰਦਰੂਨੀ ਸੂਤਰਾਂ ਵੱਲੋਂ ਦਿੱਤੀ ਗਈ ਇਸ ਜਾਣਕਾਰੀ ਅਨੁਸਾਰ ਹਰ ਹਫਤੇ ਅੰਦਾਜ਼ਨ ਪੰਜ ਮਿਲੀਅਨ ਰੈਪਿਡ ਟੈਸਟਸ ਦਿੱਤੇ ਜਾਣਗੇ। ਉਨ੍ਹਾਂ ਆਖਿਆ ਕਿ ਗਰੌਸਰੀ ਲੈਣ ਆਉਣ ਵਾਲੇ ਹਰੇਕ ਪਰਿਵਾਰ ਨੂੰ ਦੇਣ ਲਈ ਇੱਕ ਕਿੱਟ ਹੋਵੇਗੀ ਤੇ ਹਰੇਕ ਕਿੱਟ ਵਿੱਚ ਪੰਜ ਰੈਪਿਡ ਟੈਸਟਸ ਹੋਣਗੇ। ਰੈਪਿਡ ਟੈਸਟਸ ਬਾਰੇ ਹੋਰ ਜਾਣਕਾਰੀ ਅਜੇ ਉਪਲਬਧ ਨਹੀਂ ਹੈ ਪਰ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਸਬੰਧ ਵਿੱਚ ਸਰਕਾਰ ਬੁੱਧਵਾਰ ਨੂੰ ਐਲਾਨ ਕਰੇਗੀ। ਸੂਤਰਾਂ ਨੇ ਆਖਿਆ ਕਿ ਸਰਕਾਰ 21 ਫਰਵਰੀ ਤੋਂ ਸ਼ੁਰੂ ਕੀਤੇ ਜਾਣ ਵਾਲੇ ਰੀਓਪਨਿੰਗ ਪਲੈਨ ਦੇ ਅਗਲੇ ਪੜਾਅ ਲਈ ਹੀ ਇਹ ਮੁਫਤ ਟੈਸਟਸ ਮੁਹੱਈਆ ਕਰਵਾ ਰਹੀ ਹੈ। ਇਹ ਖਬਰ ਉਸ ਦਿਨ ਹੀ ਆਈ ਜਿਸ ਦਿਨ ਓਨਟਾਰੀਓ ਦੇ ਕੋਵਿਡ-19 ਸਬੰਧੀ ਸਾਇੰਸ ਐਡਵਾਈਜ਼ਰੀ ਬੋਰਡ ਟੇਬਲ ਵੱਲੋਂ ਘਰ ਵਿੱਚ ਕੀਤੇ ਜਾਣ ਵਾਲੇ ਟੈਸਟ ਸਬੰਧੀ ਹਦਾਇਤਾਂ ਵਾਲਾ ਵੀਡੀਓ ਰਲੀਜ਼ ਕੀਤਾ।


NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੌਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਾਰ ਤਰ੍ਹਾਂ ਦੇ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

Locations Woodbridge Mississauga Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
ICCRC Raj Narang Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਵਰਚੁਅਲ ਰੈਲੀ ਵਿੱਚ ਮੋਦੀ ਨੇ ਕਿਹਾ: ਸਵੈ-ਨਿਰਭਰ ਭਾਰਤ ਲਈ ਪੰਜਾਬ ਮਜ਼ਬੂਤ ਬਣਾਉਣ ਵਾਸਤੇ ਵਿਕਾਸ ਦਾ ਰੋਡਮੈਪ ਸਾਡੇ ਕੋਲ

ਲੁਧਿਆਣਾ, 8 ਫਰਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਲਈ ਅੱਜ ਕੀਤੀ ਵਰਚੁਅਲ ਰੈਲੀ ਵਿੱਚ ਕਿਹਾ ਕਿ ਪੰਜਾਬ ਲਈ ਅਸਲ ਤਬਦੀਲੀ ਦਾ ਸਮਾਂ ਹੈ, ਭਾਜਪਾ ਨੇ ਆਪਣੇ ਭਾਈਵਾਲਾਂ ਨਾਲ ਮਿਲ ਕੇ ਪੰਜਾਬ ਦੇ ਵਿਕਾਸ ਲਈ ਠੋਸ ਰੂਪ-ਰੇਖਾ ਬਣਾਈ ਹੈ।

ਆਪਣਾ ਭਾਸ਼ਣਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਪ੍ਰਣਾਮ ਕਰਕੇਸ਼ੁਰੂ ਕੀਤਾ ਅਤੇ ਕਿਹਾ ਕਿ ਭਾਰਤ ਨੂੰ ਸਭ ਤੋਂ ਅੱਗੇ ਰੱਖਣਾ ਪੰਜਾਬ ਦੀ ਰਵਾਇਤ ਹੈ।ਉਨ੍ਹਾਂ ਕਿਹਾ ਕਿ ਭਾਜਪਾ ਦੇਸ਼-ਹਿੱਤ ਵਿੱਚ ਕੰਮ ਕਰਦੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿੱਖ ਮਰਿਆਦਾ ਅਤੇ ਪੰਜਾਬੀਅਤ ਲਈ ਕੰਮ ਕਰਨਾ ਸਾਡੇ ਲਈ ਮਾਣ ਦੀ ਗੱਲ ਹੈ।ਉਨ੍ਹਾ ਕਿਹਾ ਕਿ ਕੁਝ ਲੋਕ ਸਿੱਖ ਧਰਮ ਦਾ ਵਿਰੋਧ ਕਰਦੇ ਰਹੇ ਹਨ, ਸਾਡੇ ਲਈਪੰਜਾਬ ਪਰਾਹੁਣਚਾਰੀ ਅਤੇ ਸੇਵਾ ਦੀ ਪ੍ਰੰਪਰਾ ਦਾ ਸਾਧਨ ਹੈ।ਉਨ੍ਹਾ ਕਿਹਾ ਕਿ ਸਿੱਖ ਕਤਲੇਆਮ ਕਾਂਗਰਸ ਨੇ ਕਰਵਾਇਆ ਅਤੇ ਸਜ਼ਾ ਸਾਨੂੰ ਮਿਲੀ।ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਹੈ।ਉਨ੍ਹਾ ਕਿਹਾ ਕਿ ਇਸ ਵਾਰ ਵਿਧਾਨ ਸਭਾ ਚੋਣ ਸਿਰਫ਼ ਮੁੱਖ ਮੰਤਰੀ ਬਣਾਉਣ ਦੀ ਨਹੀਂ, ਪੰਜਾਬ ਦੇ ਵਿਕਾਸ ਲਈ ਹੈ।ਇਸ ਮੌਕੇ ਪ੍ਰਧਾਨ ਮੰਤਰੀ



ਨਰਿੰਦਰ ਮੋਦੀ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੇ ਖੇਤੀ ਉੱਤੇ ਖਰਚੇ ਘਟਾਉਣ ਅਤੇ ਉਨ੍ਹਾਂ ਦੀ ਆਮਦਨ ਵਧਾਉਣ ਲਈ ਅਤੇ ਖਾਸ ਕਰ ਕੇ ਛੋਟੇ ਕਿਸਾਨਾਂ ਲਈ ਕੰਮ ਕਰਦੀ ਹੈ। ਉਨ੍ਹਾ ਕਿਹਾ ਕਿ ਬੀਤੇ ਸਾਲ ਮੇਰੀ ਸਰਕਾਰ ਨੇ ਖਾਦਾਂਦੀ ਸਬਸਿਡੀ ਵਧਾਈ ਤਾਂ ਇਸ ਬਜਟ ਵਿੱਚ ਇਸ ਲਈ ਰਿਕਾਰਡ ਰਾਸ਼ੀ ਰੱਖੀ ਹੈ।ਉਨ੍ਹਾ ਕਿਹਾ ਕਿ ਪਹਿਲੀ ਵਾਰ ਫਸਲ ਦੀ ਘੱਟੋ-ਘੱਟ ਖਰੀਦ ਕੀਮਤ (ਐੱਮਐੱਸਪੀ) ਦਾ ਪੈਸਾ ਸਿੱਧਾ ਕਿਸਾਨ ਦੇ ਖਾਤੇ ਵਿੱਚਗਿਆ ਹੈ।

ਨਰਿੰਦਰ ਮੋਦੀ ਨੇ ਕਿਹਾ ਕਿ ਆਤਮ-ਨਿਰਭਰ ਭਾਰਤ ਲਈ ਮਜ਼ਬੂਤਪੰਜਾਬ ਹੋਣਾ ਜ਼ਰੂਰੀ ਹੈ, ਇਸ ਲਈ ਲੋਕਾਂ ਨੂੰ 'ਸਬਕਾ ਸਾਥ, ਸਬਕਾ ਵਿਕਾਸ' ਵਾਲੀ ਸਰਕਾਰ ਬਣਾਉਣੀ ਹੈ।ਉਨ੍ਹਾ ਕਿਹਾ ਕਿ ਪੰਜਾਬ ਅਤੇ ਪੰਜਾਬੀਅਤ ਅਤੇ ਸਿੱਖ ਪਰੰਪਰਾ ਲਈ ਕੰਮ ਕਰਨਾ ਉਨ੍ਹਾਂ ਲਈ ਸੇਵਾ ਹੈ। ਉਨ੍ਹਾ ਕਿਹਾ ਕਿ ਕੁਝ ਲੋਕ ਹਮੇਸ਼ਾ ਸਿੱਖ ਮਰਿਆਦਾ ਦੇ ਵਿਰੋਧ ਵਿਚ ਨਜ਼ਰ ਆਉਣਗੇ, ਜਦਕਿ ਭਾਜਪਾ ਅਤੇ ਇਸ ਦੀਆਂ ਸਾਥੀ ਪਾਰਟੀਆਂ ਹਮੇਸ਼ਾ ਇਸ ਰਵਾਇਤ ਦੇ ਨਾਲ ਖੜੀਆਂ ਹਨ। ਕੁਝ ਲੋਕਾਂ ਲਈ ਪੰਜਾਬ ਸਿਰਫ਼ ਸੱਤਾ ਦਾ ਸਾਧਨ ਸੀ, ਉਨ੍ਹਾ ਲੋਕਾਂ ਨੇ ਪੰਜਾਬ ਉੱਤੇ ਰਾਜ ਕਰਨ ਲਈ ਗੁਰੂਆਂ ਦੀ ਧਰਤੀ ਪੰਜਾਬ ਨੂੰ ਖਾੜਕੂਵਾਦ ਦੀ ਅੱਗ ਵਿੱਚ ਝੋਕ ਦਿੱਤਾਅਤੇ ਕਾਂਗਰਸ ਨੇ ਸਿੱਖਾਂ ਦਾ ਕਤਲੇਆਮ ਕੀਤਾ ਸੀ, ਅਸੀਂ ਇਸ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਹਨ।

ਵਰਨਣ ਯੋਗ ਹੈ ਕਿ ਇਸ ਵਾਰ ਭਾਜਪਾ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ (ਯੂਨਾਈਟਿਡ) ਨਾਲ ਮਿਲ ਕੇ ਚੋਣਾਂ ਲੜ ਰਹੀ ਹੈ। ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 5 ਜਨਵਰੀ ਨੂੰ ਪੰਜਾਬ ਆਏ ਸਨ, ਪਰ ਫਿਰੋਜ਼ਪੁਰ ਵਿੱਚ ਸੁਰੱਖਿਆ ਵਿੱਚ ਕਮੀ ਕਾਰਨ ਵਾਪਸ ਜਾਣਾ ਪਿਆ ਸੀ।

## ਵਾਈਨਮੇਕਰ ਦੇ ਕਤਲ ਦੇ ਸਬੰਧ ਵਿੱਚ ਇੱਕ ਗ੍ਰਿਫਤਾਰ



ਓਨਟਾਰੀਓ, 8 ਫਰਵਰੀ (ਪੋਸਟ ਬਿਊਰੋ) : ਮੰਨੇ ਪ੍ਰਮੰਨੇ ਨਾਇਗਰਾ ਦੇ ਵਾਈਨਮੇਕਰ ਦੀ ਸ਼ੱਕੀ ਢੰਗ ਨਾਲ ਹੋਈ ਮੌਤ ਦੇ ਸਬੰਧ ਵਿੱਚ ਪੁਲਿਸ ਨੇ ਹਾਲਡੀਮੰਡ ਕਾਊਂਟੀ ਵਿੱਚ ਇੱਕ ਵਿਅਕਤੀ ਨੂੰ ਸੈਕਿੰਡ ਡਿਗਰੀ ਮਰਡਰ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

ਮ੍ਰਿਤਕ ਦੀ ਪਛਾਣ ਤਾਅਸੇ ਤੇ ਰੈੱਡਸਟੋਨ ਵਾਈਨਰੀ ਦੇ ਵਿਟੀਕਲਚਰ ਤੇ ਵਾਈਨਮੇਕਿੰਗ ਲਈ ਡਾਇਰੈਕਟਰ 54 ਸਾਲਾ ਪਾਲ ਪੈਂਡਰ ਵਜੋਂ ਕੀਤੀ ਗਈ ਹੈ। ਵਾਈਨਰੀ ਦੇ ਬਾਨੀ ਮਰੇ ਤਾਅਸੇ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਬੜੇ ਹੀ ਸ਼ੱਕੀ ਹਾਲਾਤ ਵਿੱਚ ਪੈਂਡਰ ਦੀ ਮੌਤ ਹੋਈ। ਉਨ੍ਹਾਂ ਦੱਸਿਆ ਕਿ ਪੈਂਡਰ 2005 ਵਿੱਚ ਤਾਅਸੇ ਕੰਪਨੀ ਨਾਲ ਜੁੜਿਆ ਸੀ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਮੈਲਸਰਜ਼ ਕੋਵ ਲੇਨ ਉੱਤੇ ਸਥਿਤ ਘਰ ਤੋਂ 3 ਫਰਵਰੀ ਨੂੰ ਐਮਰਜੰਸੀ ਕਾਲ ਆਈ।ਪੈਂਡਰ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਸਿਲਸਿਲੇ ਵਿੱਚ ਹੈਮਿਲਟਨ ਦੇ 31 ਸਾਲਾ ਬ੍ਰੈਡਲੇ ਹਾਊਸ ਨੂੰ ਸੈਕਿੰਡ ਡਿਗਰੀ ਮਰਡਰ ਲਈ ਚਾਰਜ ਕੀਤਾ ਗਿਆ।ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਪੈਂਡਰ ਦੀ ਮੌਤ ਕਿਉਂ ਹੋਈ ਜਾਂ ਇਹ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ।

ਪੈਂਡਰ ਨੂੰ ਸਾਲ 2011 ਵਿੱਚ ਓਨਟਾਰੀਓ ਵਾਈਨ ਐਵਾਰਡਜ਼ ਮੌਕੇ ਵਾਈਨਮੇਕਰ ਆਫ ਦ ਯੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।

## ਮੁੱਖ ਮੰਤਰੀ ਚੰਨੀ ਦੇ ਭਾਣਜੇ ਦਾ ਈ ਡੀ ਰਿਮਾਂਡ ਅਦਾਲਤ ਨੇ 3 ਦਿਨ ਹੋਰ ਵਧਾਇਆ

ਜਲੰਧਰ, 8 ਫਰਵਰੀ, (ਪੋਸਟ ਬਿਊਰੋ)- ਗੈਰ-ਕਾਨੂੰਨੀ ਰੇਤ ਮਾਈਨਿੰਗ ਕੇਸ ਵਿੱਚ ਗ੍ਰਿਫਤਾਰ ਕੀਤੇ ਭੁਪਿੰਦਰ ਸਿੰਘ ਹਨੀ, ਜੋ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਾਣਜੇ ਹਨ, ਦਾ ਰਿਮਾਂਡਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਬਾਰੇ ਲੋਕ ਕੋਰਟ ਨੇ ਮੰਗਲਵਾਰ ਨੂੰ ਤਿੰਨ ਦਿਨ ਹੋਰ ਵਧਾਦਿੱਤਾ ਹੈ।

ਈ ਡੀ ਨੇ ਬੀਤੇ ਸ਼ੁੱਕਰਵਾਰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਾਣਜੇ ਭੁਪਿੰਦਰ ਸਿੰਘ ਉਰਫ਼ ਹਨੀ ਨੂੰ ਰੇਤ ਦੀ ਨਾਜਾਇਜ਼ ਮਾਈਨਿੰਗ ਦੇ ਕੇਸਵਿੱਚ ਗ੍ਰਿਫ਼ਤਾਰ ਕੀਤਾ ਸੀ।ਕੇਂਦਰੀ ਏਜੰਸੀ ਈ ਡੀ ਨੇਉਸ ਦੀ ਗ੍ਰਿਫਤਾਰੀ ਉਸ ਦੇ ਕਾਰੋਬਾਰੀ ਭਾਈਵਾਲਾਂ ਦੇ ਨਾਲ ਉਸ ਦੇ ਟਿਕਾਣਿਆਂ ਉੱਤੇ ਛਾਪੇ ਮਾਰਨ ਤੋਂ ਕੁਝ ਦਿਨ ਬਾਅਦ ਕੀਤੀ ਸੀ। ਮੋਹਾਲੀ, ਲੁਧਿਆਣਾ, ਫਤਿਹਗੜ੍ਹ ਸਾਹਿਬ, ਰੂਪਨਗਰ ਅਤੇ ਪਠਾਨਕੋਟ ਵਿੱਚ18 ਤੇ 19 ਜਨਵਰੀ ਨੂੰ ਛਾਪੇਮਾਰੇ ਗਏ ਸਨ ਤੇਇਨ੍ਹਾਂ ਛਾਪਿਆਂ ਵਿੱਚਈ ਡੀ ਨੇ ਭੁਪਿੰਦਰ ਸਿੰਘ ਅਤੇ ਉਸਦੇ ਸਾਥੀ ਸੰਦੀਪ ਕੁਮਾਰ ਤੋਂ 10 ਕਰੋੜ ਰੁਪਏ ਦੀ ਨਕਦੀ ਅਤੇ ਕੀਮਤੀ ਸਮਾਨ



ਜ਼ਬਤ ਕਰਨ ਦਾ ਦਾਅਵਾ ਕੀਤਾ ਸੀ।

ਅੱਜ ਸੋਮਵਾਰ ਨੂੰ ਈ ਡੀ ਨੇ ਅਦਾਲਤ ਵਿੱਚ ਦੱਸਿਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਗ੍ਰਿਫਤਾਰ ਕੀਤੇ ਭਾਣਜੇ ਭੁਪਿੰਦਰ ਸਿੰਘ ਉਰਫ ਹਨੀ ਨੇ ਮੰਨਿਆ ਕਿ ਉਸ ਨੇ ਰੇਤ ਦੀ ਖੁਦਾਈ ਦੀ ਖੁੱਲ੍ਹ ਦਿਵਾਉਣ ਬਦਲੇ 10 ਕਰੋੜ ਰੁਪਏ ਰਿਸ਼ਵਤ ਲਈਅਤੇ ਪੰਜਾਬਵਿੱਚ ਤੇ ਅਫਸਰਾਂ ਦੇ ਤਬਾਦਲੇ ਜਾਂ ਤਾਇਨਾਤੀ ਦੇ ਕੰਮਾਂ ਤੋਂ ਕਮਾਈ ਕੀਤੀ ਸੀ। ਏਜੰਸੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਾਂਚ ਦੌਰਾਨ ਕੁਦਰਤਦੀਪ ਸਿੰਘ, ਭੁਪਿੰਦਰ ਸਿੰਘ (ਹਨੀ), ਹਨੀ ਦੇ ਪਿਤਾ ਸੰਤੋਖ ਸਿੰਘ ਅਤੇ ਸੰਤੋਖ ਕੁਮਾਰ ਦੇ ਬਿਆਨ ਦਰਜ ਕੀਤੇ ਹਨ ਤੇ ਇਹ ਸਾਬਤ ਹੁੰਦਾ ਹੈ ਕਿ ਜ਼ਬਤ ਕੀਤੇ 10 ਕਰੋੜ ਰੁਪਏ ਭੁਪਿੰਦਰ ਸਿੰਘ ਅਤੇ ਸੰਤੋਖ ਸਿੰਘ ਦੇ ਹਨ। ਸਨ।ਭੁਪਿੰਦਰ ਸਿੰਘ ਹਨੀ, ਕੁਦਰਤਦੀਪ ਸਿੰਘ ਤੇ ਸੰਦੀਪ ਕੁਮਾਰ ਪ੍ਰੋਵਾਈਡਰ ਓਵਰਸੀਜ਼ ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਨਾਂ ਦੀ ਕੰਪਨੀ ਦੇ ਡਾਇਰੈਕਟਰ ਦੱਸੇ ਜਾਂਦੇ ਹਨ, ਜਿਸ ਉੱਤੇਈ ਡੀ ਨੇ ਪਿਛਲੇ ਮਹੀਨੇ ਪੰਜਾਬ ਵਿੱਚ ਛਾਪੇਮਾਰੀ ਹੋਈ ਸੀ।

## ਨਵਜੋਤ ਸਿੱਧੂ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਨਾ ਬਣਾਉਣ ਨੂੰ ਬੀਬੀ ਸਿੱਧੂ ਨੇ ਫਿਰ ਗਲਤ ਕਿਹਾ

ਅੰਮ੍ਰਿਤਸਰ, 8 ਫਰਵਰੀ, (ਪੋਸਟ ਬਿਊਰੋ)- ਕਾਂਗਰਸ ਹਾਈ ਕਮਾਨ ਵਲੋਂ ਨਵਜੋਤ ਸਿੰਘ ਸਿੱਧੂ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਾ ਬਣਾਉਣ ਬਾਰੇ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਕਹਿੰਦੀ ਹੈ ਕਿ ਇਸ ਮਾਮਲੇ ਵਿੱਚ ਰਾਹੁਲ ਗਾਂਧੀ ਨੂੰ ਗੁਮਰਾਹ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਪਤੀ ਨਵਜੋਤ ਸਿੱਧੂ ਹੀ ਮੁੱਖ ਮੰਤਰੀ ਦੇ ਅਹੁਦੇ ਲਈ ਯੋਗ ਉਮੀਦਵਾਰ ਹਨ। ਸਾਫ ਹੈ ਕਿ ਉਹ ਅਜੇ ਵੀ ਕਾਂਗਰਸ ਹਾਈ ਕਮਾਨ ਦੇ ਫੈਸਲੇ ਨੂੰ ਗਲਤ ਮੰਨਦੀ ਹੈ।

ਅੱਜ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਵਿੱਚਚੋਣ ਪ੍ਰਚਾਰ ਕਰਨ ਗਈ ਡਾਕਟਰ ਨਵਜੋਤ ਕੌਰ ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਚਰਨਜੀਤ ਸਿੰਘ ਚੰਨੀ ਨੂੰ ਗਰੀਬ ਕਹਿਣਾ ਗਲ਼ਤ ਹੈ, ਚੰਨੀ ਕੋਲ ਸਾਡੇ ਤੋਂ ਵੀ ਵੱਧ ਪੈਸਾ ਹੈ। ਉਨ੍ਹਾਂ ਕਿਹਾ ਕਿ ਇਸ ਅਹੁਦੇ ਲਈ ਸਟੈਂਡਰਡ ਹੋਣਾ ਚਾਹੀਦਾ ਹੈ,ਮੁੱਖ ਮੰਤਰੀ ਚਿਹਰਾ ਐਲਾਨੇ ਜਾਣ ਤੋਂ ਪਹਿਲਾਂ ਉਮੀਦਵਾਰ ਦੀ ਪੜ੍ਹਾਈ, ਉਸ ਦੇ ਕੰਮ, ਇਮਾਨਦਾਰੀ ਦੇਖਣੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਨਵਜੋਤ ਸਿੰਘਸਿੱਧੂ ਹੀ



ਕਾਂਗਰਸ ਲਈ ਇਸ ਅਹੁਦੇ ਦੇ ਸਹੀ ਉਮੀਦਵਾਰ ਹਨ।ਬੀਬੀ ਸਿੱਧੂ ਨੇ ਕਿਹਾ ਕਿ ਨਵਜੋਤ ਸਿੱਧੂ ਕੋਲ ਇਕ ਰੋਡ ਮੈਪ ਅਤੇ ਵਿਜ਼ਨ ਹੈ, ਇਸ ਲਈਮੁੱਖ ਮੰਤਰੀ ਦਾ ਚਿਹਰਾ ਉਨ੍ਹਾਂ ਨੂੰ ਐਲਾਨਣਾ ਚਾਹੀਦਾ ਸੀ।ਉਨ੍ਹਾ ਕਿਹਾ ਕਿ ਜੇ ਨਵਜੋਤ ਸਿੰਘ ਸਿੱਧੂ ਉਨ੍ਹਾਂ ਦੇ ਪਤੀ ਨਾ ਹੁੰਦੇ, ਫਿਰ ਵੀ ਉਹ ਨਵਜੋਤ ਸਿੰਘ ਸਿੱਧੂ ਦਾ ਸਮੱਰਥਨਕਰਦੇ।

ਵਰਨਣ ਯੋਗ ਹੈ ਕਿ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਹਾਈ ਕਮਾਨ ਵੱਲੋਂ ਵਿਧਾਨ ਸਭਾ ਚੋਣਾਂ ਵਾਸਤੇਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨੇ ਜਾਣ ਪਿੱਛੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਸੀ ਕਿ ਮੈਂ ਕਾਂਗਰਸ ਨਾਲ ਖੜਾ ਹਾਂ ਤੇ ਖੜਾ ਰਹਾਂਗਾ, ਮੈਂ ਹਾਈ ਕਮਾਨ ਦੇ ਨਾਲ ਹਾਂ ਤੇ ਪਾਰਟੀ ਦਾ ਹਰ ਫ਼ੈਸਲਾ ਮਨਜ਼ੂਰ ਹੈ, ਪਰ ਜਿੰਨਾ ਮੈਂ ਹਾਈ ਕਮਾਨ ਦੇ ਨਾਲ ਹਾਂ, ਉਸ ਤੋਂ ਦੁੱਗਣਾ ਪੰਜਾਬ ਦੇ ਨਾਲ ਹਾਂ।ਉਨ੍ਹਾ ਕਿਹਾ ਸੀ ਕਿ ਜੇ ਪੰਜਾਬ ਦਾ ਭਲਾ ਕਰਨਾ ਹੈ ਤਾਂ ਪੰਜਾਬ ਮਾਡਲ ਵਿੱਚੋਂ ਚੰਗੀਆਂ ਚੀਜ਼ਾਂ ਲੈਣੀਆਂ ਚਾਹੀਦੀਆਂ ਹਨ।

## ਮਿਸਰ ਵਿੱਚ ਭੇਦ ਭਰਿਆ ਪ੍ਰਾਚੀਨ ਟਾਈਮ ਕੈਪਸੂਲ ਮਿਲਿਆ

ਕਾਹਿਰਾ, 8 ਫਰਵਰੀ (ਪੋਸਟ ਬਿਊਰੋ)- ਮਿਸਰ ਵਿੱਚ ਪੁਰਾਤੱਤਵ ਮਾਹਰਾਂ ਦੇ ਹੱਥ ਇੱਕ ਅਨਮੋਲ ਖਜ਼ਾਨਾ ਲੱਗਾ ਹੈ। ਖੁਦਾਈ ਦੌਰਾਨ ਉਨ੍ਹਾ ਨੂੰ ਇੱਕ ਪ੍ਰਾਚੀਨ ਟਾਈਮ ਕੈਪਸੂਲ ਮਿਲਿਆ ਹੈ, ਜੋ 18 ਹਜ਼ਾਰ ਨੋਟਸ ਨਾਲ ਭਰਿਆ ਹੈ। ਇਨ੍ਹਾਂ 18 ਹਜ਼ਾਰ ਪੱਟੀਆਂ ਉੱਤੇ ਪ੍ਰਾਚੀਨ ਮਿਸਰ ਦੀ ਸਭਿਅਤਾ ਦੇ ਬਾਰੇ ਕਾਫੀ ਕੁਝ ਲਿਖਿਆ ਗਿਆ ਹੈ।

ਇਸ ਟਾਈਮ ਕੈਪਸੂਲ ਦੀ ਖੋਜ ਮਿਸਰ ਦੇ ਪ੍ਰਾਚੀਨ ਕਸਬੇ ਅਥਰਿਬਿਸ ਵਿੱਚ ਹੋਈ ਹੈ, ਜੋ ਆਧੁਨਿਕ ਸੋਹਾਗ ਸ਼ਹਿਰ ਦੇ ਨੇੜੇ ਹੈ। ਇਨ੍ਹਾਂ ਨੋਟਸ ਨੂੰ ਭਾਂਡੇ ਦੇ ਟੁੱਟੇ ਹੋਏ ਹਿੱਸੇ ਉੱਤੇ ਲਿਖਿਆ ਹੈ। ਪ੍ਰਾਚੀਨ ਮਿਸਰ ਵਿੱਚ ਪ੍ਰਾਈਵੇਟ ਲੈਟਰ, ਕੱਪੜਿਆਂ ਦੀ ਲਿਸਟ ਤੇ ਸਾਹਿਤ ਨਾਲ ਜੁੜੇ ਲੇਖਾਂ ਲਈ ਟੁੱਟੇ ਹੋਏ ਭਾਂਡਿਆਂ ਦੇ ਹਿੱਸੇ ਦੀ ਵਰਤੋਂ ਨੋਟਪੈਡ ਦੇ ਰੂਪ ਵਿੱਚ ਕੀਤੀ ਜਾਂਦੀ ਸੀ।ਐਕਸਪ੍ਰੈਸ ਨਿਊਜ਼ ਨੇ ਮਿਸਰ ਦੇ ਪ੍ਰਾਚੀਨ ਇਤਿਹਾਸ ਦੇ ਜਾਣਕਾਰ ਪ੍ਰੋਫੈਸਰ ਕ੍ਰਿਸਚਿਅਨ ਲੋਇਟਜ ਦੇ ਹਵਾਲੇ ਨਾਲ ਕਿਹਾ ਕਿ ਪ੍ਰਾਚੀਨ ਕਾਲ ਵਿੱਚ ਭਾਂਡਿਆਂ ਦੇ ਇਨ੍ਹਾਂ ਟੁੱਟੇ ਹੋਏ ਹਿੱਸਿਆਂ ਦੀ ਵਰਤੋਂ ਲਿਖਣ ਦੇ ਲਈ ਅਤੇ ਸਿਆਹੀ ਨਾਲ ਕੁਝ ਉਕੇਰਨ ਲਈ ਵੱਡੇ ਪੱਥਰ ਉੱਤੇ ਕੀਤੀ ਜਾਂਦੀ ਸੀ।ਪ੍ਰੋਫੈਸਰ ਦੀ ਖੋਜੀ ਟੀਮ ਨੇ ਕਿਹਾ ਕਿ ਇਹ ਭਾਂਡੇ ਦੇ ਟੁੱਟੇ ਹੋਏ ਹਿੱਸੇ ਅਥਰਿਬਿਸ ਸ਼ਹਿਰ ਵਿੱਚ ਰੋਜ਼ਾਨਾ ਜੀਵਨ ਦੇ ਬਾਰੇ ਕਈ ਮਹੱਤਵਪੂਰਨ ਸੂਚਨਾਵਾਂ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅੱਸੀ ਫੀਸਦੀ ਟੁਕੜਿਆਂ ਉੱਤੇ ਡੈਮੋਟਿਕ ਭਾਸ਼ਾ ਵਿੱਚ ਲਿਖਿਆ ਹੈ, ਜੋ ਪਟੋਲੇਮਾਈਕ ਤੇ ਰੋਮਨ ਕਾਲ ਵਿੱਚ ਸਰਕਾਰੀ ਭਾਸ਼ਾ ਸੀ। ਇਹ ਸਮਾਂ ਕਰੀਬ 600 ਈਸਾ ਪੂਰਵ ਦਾ ਹੈ। ਕਈ ਅਜਿਹੇ ਪੱਥਰ ਮਿਲੇ ਹਨ ਜਿਸ ਉੱਤੇ ਯੂਨਾਨੀ ਸ਼ਬਦ ਲਿਖੇ ਹਨ। ਕੁਝ ਟੁਕੜਿਆਂ ਉੱਤੇ ਤਸਵੀਰਾਂ ਬਣੀਆਂ ਹਨ ਤੇ ਕੁਝ ਉੱਤੇ ਸ਼ਬਦ ਲਿਖੇ ਹੋਏ ਹਨ। ਕੁਝ ਅਜਿਹੇ ਵੀ ਟੁਕੜੇ ਹਨ, ਜਿਨ੍ਹਾਂ ਉੱਤੇ ਦੋਵਾਂ ਪਾਸੇ ਲਿਖਿਆ ਹੈ। ਟੀਮ ਨੇ ਕਿਹਾ ਕਿ ਇਨ੍ਹਾਂ ਟੁਕੜਿਆਂ ਉੱਤੇ ਵੱਖ-ਵੱਖ ਪਦਾਰਥਾਂ ਅਤੇ ਹੋਰ ਰੋਜ਼ਮਰਾ ਦੇ ਸਾਮਾਨ ਦੀ ਲਿਸਟ ਬਣੀ ਹੋਈ ਹੈ। ਇਸ ਵਿੱਚ ਹੈਰਾਨੀਜਨਕ ਗੱਲ ਇਹ ਹੈ ਕਿ ਜ਼ਿਆਦਾ ਟੁਕੜਿਆਂ ਉੱਤੇ ਇੱਕ ਪ੍ਰਾਚੀਨ ਸ਼ੈਲੀ ਦਾ ਇਸਤੇਮਾਲ ਕੀਤਾ ਗਿਆ ਹੈ।

## ਮਤਰੇਏ ਪਿਤਾ ਤੇ ਮਾਂ ਸਮੇਤ ਚਾਰਾਂ ਦੀ ਹੱਤਿਆ ਕਰਨ ਪਿਛੋਂ ਖ਼ੁਦਕੁਸ਼ੀ

ਸੈਕਰਾਮੈਂਟੋ, 8 ਫਰਵਰੀ (ਪੋਸਟ ਬਿਊਰੋ)- ਟੈਕਸਾਸ ਦੇ ਸ਼ਹਿਰ ਕੋਰਸੀਕਾਨਾ ਵਿੱਚ ਇੱਕ 41 ਸਾਲਾ ਹਮਲਾਵਰ ਨੇ ਪਰਵਾਰਕ ਝਗੜੇ ਵਿੱਚ ਚਾਰ ਜਣਿਆਂ ਦੀ ਹੱਤਿਆ ਕਰਨ ਉਪਰੰਤ ਖੁਦ ਨੂੰ ਗੋਲੀ ਮਾਰ ਲਈ। ਜਾਰੀ ਹੋਏ ਬਿਆਨ ਅਨੁਸਾਰ ਸ਼ੱਕੀ ਹਮਲਾਵਰ ਦੀ ਪਛਾਣ ਕੈਵਿਨ ਮਿਲਾਜ਼ੋ ਵਜੋਂ ਹੋਈ ਹੈ। ਪੁਲਸ ਜਦੋਂ ਉਸ ਘਟਨਾ ਸਥਾਨ ਉੱਤੇ ਪੁੱਜੀ ਤਾਂ ਉਸ ਨੂੰ ਦੋ ਲੋਕ ਮ੍ਰਿਤਕ ਹਾਲਤ ਵਿੱਚ ਮਿਲੇ ਜਿਨ੍ਹਾਂ ਦੀ ਪਛਾਣ 68 ਸਾਲਾ ਵਿਲੀਅਮ ਬਿਲ ਮਿਮਸ, ਜੋ ਸ਼ੱਕੀ ਹਮਲਾਵਰ ਦਾ ਮਤਰੇਆ ਬਾਪ ਸੀ ਤੇ ਸ਼ੱਕੀ ਦੀ 61 ਸਾਲਾ ਮਾਂ ਕੋਨੀ ਮਿਮਸ ਵਜੋਂ ਹੋਈ ਹੈ। ਨਵਾਰੋ ਕਾਊਂਟੀ ਦੇ ਪੁਲਸ ਵਿਭਾਗ ਨੂੰ ਉਸ ਸਥਾਨ ਤੋਂ ਕਰੀਬ 20 ਮੀਲ ਦੂਰ ਫਰੋਸਟ ਵਿੱਚ ਦੋ ਹੋਰ ਲਾਸ਼ਾਂ ਮਿਲੀਆਂ ਜਿਨ੍ਹਾਂ ਦੀ ਪਛਾਣ ਸ਼ੱਕੀ ਹਮਲਾਵਰ ਦੇ 21 ਸਾਲਾ ਪੁੱਤਰ ਜੋਸ਼ੂਆ ਮਿਲਾਜ਼ੋ ਤੇ ਇੱਕ ਚਾਰ ਸਾਲਾ ਬੱਚੇ ਹੰਟਰ ਫਰੀਮੈਨ ਵਜੋਂ ਹੋਈ ਹੈ। ਪੁਲਸ ਅਨੁਸਾਰ ਦੋਵਾਂ ਦੀ ਹੱਤਿਆ ਗੋਲੀਆਂ ਮਾਰ ਕੇ ਕੀਤੀ ਗਈ ਹੈ। ਜ਼ਖ਼ਮੀ ਹੋਈ ਮਿਲੀ ਬਾਲਗ ਔਰਤ ਨੂੰ ਡਲਾਸ ਖੇਤਰ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਹੈ। ਪੁਲਸ ਨੇ ਜੀ ਪੀ ਐਸ ਨੇਵੀਗੇਸ਼ਨ ਸਿਸਟਮ ਨਾਲ ਸ਼ੱਕੀ ਦੀ ਕਾਰ ਦਾ ਪਤਾ ਲਾਇਆ ਹੈ, ਜਿਸ ਵਿੱਚ ਸ਼ੱਕੀ ਹਮਲਾਵਰ ਕੈਵਿਨ ਮਿਲਾਜ਼ੋ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੁਲਸ ਅਨੁਸਾਰ ਉਸ ਨੇ ਖੁਦ ਨੂੰ ਸਿਰ ਵਿੱਚ ਗੋਲੀ ਮਾਰੀ ਹੋਈ ਸੀ। ਉਸ ਨੂੰ ਨਵਾਰੋ ਦੇ ਹਸਪਤਾਲ ਵਿੱਚ ਲਿਜਾਇਆ ਗਿਆ ਜਿੱਥੇ ਉਹ ਦਮ ਤੋੜ ਗਿਆ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

MEMBER ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

SherGill Law Firm

Barrister, Solicitor & Notary Public

Paramjit Singh Gill (MBA,LL.B.)

Tel: 905-790-3636

Services:

- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

2565 Steeles Ave E Unit #20, Brampton, ON L6T 4L6

Emergency Contact: 416.910.5676

www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)

416-454-3031

647-784-8240

Email: tochisangha1@hotmail.com

CANADIAN GLASS AND WINDOW

ukttc UK TRUCK TRAINING CENTRE PCC #179958

Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!

225 Sheldon Dr #18, Cambridge

Automatic & Manual Trucks

1 on 1 Training

Air Brake Classes

Sat & Sun 8.00am to 4.00pm

Wed & Thu 4.00pm to 11.00pm

ਜਲਦੀ ਰੋਡ ਟੈਸਟ ਬੁਕਿੰਗ

Forklift Training

Forklift $79 Recertification

Counterbalance

Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979

OPEN 7 DAYS uktruck1@gmail.com

Jitpal Singh Deol 647-204-1936

## ਅੱਜ ਨਾਮਾ >>

ਮਾਰਿਆ ਮੋਦੀ ਜਦ ਚੱਕਰ ਪੰਜਾਬ ਵੰਨੀਂ,
ਕਰ'ਤੇ ਚੋਣਾਂ ਲਈ ਬਹੁਤ ਐਲਾਨ ਬੇਲੀ।
ਰੱਖਿਆ ਚੇਤੇ ਬਜ਼ੁਰਗਾਂ ਅਤੇ ਔਰਤਾਂ ਨੂੰ,
ਮੋਦੀ ਦਿੱਤਾ ਨਹੀਂ ਭੁੱਲਣ ਕਿਸਾਨ ਬੇਲੀ।
ਚੁਣ-ਚੁਣ ਨੁਕਤੇ ਨੇ ਗਏ ਗਿਣਾਏ ਸਾਰੇ,
ਹਰ ਇੱਕ ਵਰਗ ਦੇ ਵੱਲ ਧਿਆਨ ਬੇਲੀ।
ਜਿਉਂ ਇਹ ਪੜ੍ਹੀਦੇ ਤਾਂ ਏਦਾਂ ਜਾਪਦਾ ਈ,
ਸੋਹਣੇ ਭਵਿੱਖ ਲਈ ਇੱਕ ਬਿਆਨ ਬੇਲੀ।
ਅਕਾਲੀ, ਕਾਂਗਰਸ ਜਾਂ ਪਾਰਟੀ ਆਪ ਹੋਵੇ,
ਐਲਾਨਾਂ ਵੱਲੋਂ ਨਹੀਂ ਰਹੀ ਹੈ ਕਸਰ ਬੇਲੀ।
ਜਦ ਤੱਕ ਹੋਵੇ ਨਾ ਇਨ੍ਹਾਂ'ਤੇ ਅਮਲ ਬੇਲੀ,
ਬਿਆਨਾਂ ਨਾਲ ਨਾ ਹੁੰਦਾ ਈ ਅਸਰ ਬੇਲੀ।

**ਤੀਸ ਮਾਰ ਖਾਂ**

# ਅਕਾਲੀ-ਬਸਪਾ ਗਠਜੋੜ ਪਿੱਛੋਂ ਮਾਇਆਵਤੀ ਦਾ ਪਹਿਲੀ ਵਾਰ ਪੰਜਾਬ ਦਾ ਗੇੜਾ

### * ਨਵਾਂ ਸ਼ਹਿਰ ਰੈਲੀ ਵਿੱਚ ਕਾਂਗਰਸ ਉੱਤੇ ਹਮਲੇ

ਨਵਾਂਸ਼ਹਿਰ, 8 ਫਰਵਰੀ, (ਪੋਸਟ ਬਿਊਰੋ)- ਅਕਾਲੀ ਦਲ ਨਾਲ ਗਠਜੋੜ ਕਰਨ ਪਿੱਛੋਂਪਹਿਲੀ ਵਾਰ ਪੰਜਾਬ ਪਹੁੰਚੀ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਬੀਬੀ ਮਾਇਆਵਤੀ ਨੇ ਕਾਂਗਰਸ ਉੱਤੇ ਤਿੱਖੇ ਨਿਸ਼ਾਨੇ ਲਾਏ। ਬੀਤੇ ਐਤਵਾਰ ਕਾਂਗਰਸ ਹਾਈ ਕਮਾਨ ਵੱਲੋਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨੇ ਜਾਣਬਾਰੇਬੀਬੀ ਮਾਇਆਵਤੀ ਨੇ ਕਿਹਾ ਕਿ ਸਿਰਫ਼ ਸਿਆਸੀ ਸਵਾਰਥ ਲਈ ਅਨੁਸੂਚਿਤ ਜਾਤੀ ਦਾ ਆਗੂਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚੰਨੀ ਦਾ ਰਿਮੋਟ ਕੰਟਰੋਲ ਗ਼ੈਰ ਅਨੁਸੂਚਿਤ ਜਾਤੀ ਲੋਕਾਂ ਦੇ ਹੱਥਾਂ ਵਿਚ ਹੈ।ਬੀਬੀ ਮਾਇਆਵਤੀ ਨੇ ਕਿਹਾ ਕਿ ਲੰਬਾ ਸਮਾਂ ਕਾਂਗਰਸ ਨੇ ਸੱਤਾ ਭੋਗੀ ਹੈ ਤੇ ਗਲਤ ਨੀਤੀਆਂ ਕਰਕੇ ਅੱਜ ਸੱਤਾ ਤੋਂ ਬਾਹਰ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਬਸਪਾ ਦੇ ਮੋਢੀ ਬਾਬੂ ਕਾਂਸ਼ੀਰਾਮ ਦੇ ਦੇਹਾਂਤ ਉੱਤੇ ਕਾਂਗਰਸ ਸਰਕਾਰ ਨੇ ਰਾਸ਼ਟਰੀ ਸੋਗ ਦਾ ਐਲਾਨ ਨਹੀਂ ਕੀਤਾ ਅਤੇ ਡਾ. ਅੰਬੇਡਕਰ ਨੂੰ 'ਭਾਰਤ ਰਤਨ' ਵੀ ਨਹੀਂ ਦਿੱਤਾ ਸੀ।

ਬੀਬੀ ਮਾਇਆਵਤੀ ਨੇ ਕਿਹਾ ਕਿ ਅਕਾਲੀ ਆਗੂ ਪ੍ਰਕਾਸ਼ ਸਿੰਘ



ਬਾਦਲ ਸਿਹਤ ਖ਼ਰਾਬ ਹੋਣ ਕਰਕੇ ਅੱਜ ਦੇ ਪ੍ਰੋਗਰਾਮ ਵਿਚ ਨਹੀਂ ਆਏ, ਪਰ ਉਨ੍ਹਾਂ ਦਾ ਆਸ਼ੀਰਵਾਦ ਸੁਖਬੀਰ ਸਿੰਘ ਬਾਦਲ ਨੂੰ ਹਾਸਲ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਪ੍ਰਕਾਸ਼ ਸਿੰਘ ਦੇ ਅੰਦਰ ਪੰਜਾਬ ਲਈ ਜਜ਼ਬਾ ਹੈ, 4 ਵਾਰ ਮੁੱਖ ਮੰਤਰੀ ਰਹਿ ਚੁੱਕੇ ਵੱਡੇ ਬਾਦਲ ਇਸ ਉਮਰ ਵਿੱਚ ਵੀ ਲੋਕ ਸੇਵਾ ਲਈ ਚੋਣ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਪ੍ਰਕਾਸ਼ ਸਿੰਘ ਬਾਦਲ ਬਾਰੇ ਇਕ ਗੱਲ ਕਹਿਣੀ ਹੈ ਕਿ ਕਈ ਵਾਰ ਪੰਜਾਬ ਦੀ ਸੱਤਾ ਹਾਸਲ ਕਰਕੇ ਮੁੱਖ ਮੰਤਰੀ ਵਜੋਂਉਨ੍ਹਾ ਨੇ ਲੋਕਾਂ ਦੀ ਬੇਹੱਦ ਸੇਵਾ ਕੀਤੀ ਹੈ।

# ਉਤਰਾਖੰਡ ਹਾਈ ਕੋਰਟ ਦਾ ਫੈਸਲਾ: 16 ਸਾਲਾ ਰੇਪ ਪੀੜਤਾ ਨੂੰ ਅੱਠ ਮਹੀਨੇ ਦਾ ਗਰਭਪਾਤ ਕਰਵਾਉਣ ਦੀ ਇਜਾਜ਼ਤ

ਦੇਹਰਾਦੂਨ, 8 ਫਰਵਰੀ (ਪੋਸਟ ਬਿਊਰੋ)- ਉਤਰਾਖੰਡ ਹਾਈ ਕੋਰਟ ਨੇ ਵੱਡਾ ਫੈਸਲਾ ਦੇਂਦੇ ਹੋਏ 16 ਸਾਲ ਦੀ ਰੇਪ ਪੀੜਤਾ ਨੂੰ 28 ਹਫ਼ਤੇ ਪੰਜ ਦਿਨ (ਕਰੀਬ ਅੱਠ ਮਹੀਨੇ) ਦਾ ਗਰਭ ਡੇਗਣ ਦੀ ਇਜਾਜ਼ਤ ਦਿੱਤੀ ਹੈ।

ਹਾਈ ਕੋਰਟ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਬਲਾਤਕਾਰ ਦੇ ਆਧਾਰ ਉੱਤੇ ਪੀੜਤਾ ਨੂੰ ਗਰਭਪਾਤ ਦਾ ਅਧਿਕਾਰ ਹੈ। ਗਰਭ ਵਿੱਚ ਪਲਦੇ ਬੱਚੇ ਦੀ ਬਜਾਏ ਬਲਾਤਕਾਰ ਪੀੜਤਾ ਦੀ ਜ਼ਿੰਦਗੀ ਵੱਧ ਜ਼ਰੂਰੀ ਹੈ। ਇਹ ਫੈਸਲਾ ਜਸਟਿਸ ਆਲੋਕ ਕੁਮਾਰ ਵਰਮਾ ਦੀ ਸਿੰਗਲ ਬੈਂਚ ਨੇ ਸੁਣਾਇਆ ਹੈ। ਕੋਰਟ ਨੇ ਨਿਰਦੇਸ਼ ਦਿੱਤਾ ਕਿ ਪੀੜਤਾ ਦਾ ਗਰਭਪਾਤ ਮੈਡੀਕਲ ਟਰਮੀਨੇਸ਼ਨ ਬੋਰਡ ਦੇ ਅਗਵਾਈ ਅਤੇ ਚਮੇਲੀ ਦੇ ਮੈਡੀਕਲ ਅਧਿਕਾਰੀ ਦੀ ਨਿਗਰਾਨੀ ਵਿੱਚ ਹੋਵੇਗਾ। ਇਹ ਪ੍ਰਕਿਰਿਆ 48 ਘੰਟੇ ਵਿੱਚ ਹੋਣੀ ਚਾਹੀਦੀ। ਇਸ ਦੌਰਾਨ ਜੇ ਪੀੜਤਾ ਦੇ ਜੀਵਨ ਉੱਤੇ ਜੋਖਮ ਆਉਂਦਾ ਹੈ ਤਾਂ ਇਸ ਨੂੰ ਰੋਕ ਦਿੱਤਾ ਜਾਵੇ। ਇਹ ਆਦੇਸ਼ ਇਸ ਲਈ ਅਹਿਮ ਹੈ ਕਿ ਮੈਡੀਕਲ ਟਰਮਿਨੇਸ਼ਨ ਆਫ ਪ੍ਰੈਗਨੈਂਸੀ ਐਕਟ ਹੇਠ ਸਿਰਫ਼ 24 ਹਫ਼ਤੇ ਦੀ ਪ੍ਰੈਗਨੈਂਸੀ ਨਸ਼ਟ ਕੀਤੀ ਜਾ ਸਕਦੀ ਹੈ। ਕੋਰਟ ਨੇ ਕਿਹਾ ਕਿ ਜੀਉਣ ਦੇ ਅਧਿਕਾਰ ਦਾ ਮਤਲਬ ਜ਼ਿੰਦਾ ਰਹਿਣ ਜਾਂ ਇਨਸਾਨ ਦੀ ਹੋਂਦ ਤੋਂ ਕਿਤੇ ਵੱਧ ਹੈ। ਇਸ ਵਿੱਚ ਮਨੁੱਖੀਮਾਣ-ਸਨਮਾਨ ਦੇ ਨਾਲ ਜੀਉਣ ਦਾ ਅਧਿਕਾਰ ਸ਼ਾਮਲ ਹੈ। ਨਾਬਾਲਿਗਾ ਦੇ ਪਿਤਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਬੇਟੀ ਪ੍ਰੈਗਨੈਂਸੀ ਨੂੰ ਕੰਟੀਨਿਊ ਕਰਨ ਦੀ ਹਾਲਤ ਵਿੱਚ ਨਹੀਂ ਹੈ। ਜੇ ਗਰਭਪਾਤ ਦੀ ਇਜਾਜ਼ਤ ਨਾ ਮਿਲੀ ਤਾਂ ਬੇਹਦ ਬੁਰਾ ਅਸਰ ਪਵੇਗਾ।

# ਚੋਣ ਪ੍ਰੋਗਰਾਮ ਦੇ ਝਗੜੇ ਤੋਂ ਅਗਲੇ ਦਿਨ ਸਿਮਰਜੀਤ ਬੈਂਸ ਗ੍ਰਿਫ਼ਤਾਰ

### * ਡਿਊਟੀ ਵਿੱਚ ਕੁਤਾਹੀ ਕਰਨ ਵਾਲਾ ਥਾਣੇਦਾਰ ਸਸਪੈਂਡ



ਲੁਧਿਆਣਾ, 8 ਫਰਵਰੀ, (ਪੋਸਟ ਬਿਊਰੋ)- ਇਸ ਮਹਾਨਗਰ ਦੇ ਆਤਮ ਨਗਰ ਹਲਕੇ ਵਿੱਚ ਸੋਮਵਾਰ ਦੀ ਸ਼ਾਮ ਲੋਕ ਇਨਸਾਫ ਪਾਰਟੀ ਤੇ ਕਾਂਗਰਸਵਾਲਿਆਂ ਦੀ ਝੜਪ ਦੇ ਕੇਸਵਿੱਚ ਪੁਲਸ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਪਹਿਲਾਂ ਪੁਲਸ ਨੇ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸਦੇ ਨਾਲ ਇਸ ਪਾਰਟੀ ਦੇ 34 ਤੋਂ ਵੱਧ ਵਰਕਰਾਂਦੇ ਖ਼ਿਲਾਫਕੇਸ ਦਰਜ ਕੀਤਾ ਸੀ। ਇਹ ਕੇਸ ਕਾਂਗਰਸਦੇ ਉਮੀਦਵਾਰ ਕਮਲਜੀਤ ਸਿਘ ਕੜਵਲ ਦੀ ਸ਼ਿਕਾਇਤ ਉੱਤੇ ਦਰਜ ਕੀਤਾ ਗਿਆ ਹੈ।

ਲੁਧਿਆਣਾ ਦੀ ਸਭ ਤੋਂ ਸੰਵੇਦਨਸ਼ੀਲ ਸੀਟ ਆਤਮ ਨਗਰ ਹਲਕੇ ਵਿੱਚਸੋਮਵਾਰ ਸ਼ਾਮ ਨੂੰ ਹਿੰਸਕ ਝੜਪ ਹੋਈ ਸੀ, ਜਦੋਂ ਚੋਣ ਪ੍ਰਚਾਰ ਦੌਰਾਨ ਕਾਂਗਰਸਉਮੀਦਵਾਰ ਕਮਲਜੀਤ ਸਿੰਘ ਕੜਵਲ ਦੇ ਕਾਫਲੇ ਉੱਤੇਬੈਂਸ ਧੜੇ ਦੇਕੁਝ ਲੋਕਾਂ ਨੇ ਹਮਲਾ ਕਰ ਦਿੱਤਾ ਸੀ। ਮੌਕੇ ਉੱਤੇ ਹਵਾਈ ਫਾਇਰਿੰਗ ਵੀ ਹੋਈ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਫੈਲ ਗਈ।ਇਸ ਝਗੜੇ ਦੌਰਾਨ ਇਕ ਪਾਸੇ ਬੈਂਸ ਹਮਾਇਤੀਆਂ ਨੇ ਇੱਟਾਂ ਚਲਾਈਆਂ ਅਤੇ ਦੂਸਰੇ ਪਾਸਿਓਂ ਕੜਵਲ ਦੇ ਹਮਾਇਤੀਆਂ ਨੇ ਇੱਟਾਂ ਚਲਾਈਆਂ ਸਨ। ਡਾਬਾ ਰੋਡ ਦੇਇੱਟਾਂ ਵਾਲਾ ਚੌਕ ਕੋਲ ਵਾਪਰੀਹਿੰਸਕ ਘਟਨਾ ਵਿਚ ਕਈ ਵਿਅਕਤੀ ਜ਼ਖਮੀ ਹੋ ਗਏ ਸਨ।

ਇਸ ਦੌਰਾਨ ਪੰਜਾਬ ਦੇ ਮੁੱਖ ਚੋਣ ਅਫਸਰ ਡਾ. ਐਸ.ਕਰੁਣਾ ਰਾਜੂ ਨੇ ਏਥੋਂ ਦੇ ਸ਼ਿਮਲਾਪੁਰੀ ਥਾਣੇ ਲਈ ਨਵਾਂਐੱਸਐੱਚਓ ਇੰਸਪੈਕਟਰਕੁਲਵੰਤ ਸਿੰਘ ਨਿਯੁਕਤ ਕੀਤਾ ਹੈ। ਮੁੱਖ ਚੋਣ ਦਫ਼ਤਰ ਪੰਜਾਬਦੇ ਬੁਲਾਰੇ ਨੇ ਕਿਹਾ ਕਿਲੁਧਿਆਣਾ ਦੇ ਪੁਲਸ ਕਮਿਸ਼ਨਰ ਦੀ ਰਿਪੋਰਟ ਅਨੁਸਾਰ ਸੋਮਵਾਰ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਕਾਂਗਰਸਉਮੀਦਵਾਰ ਕਮਲਜੀਤ ਸਿੰਘ ਕੜਵਲ ਉੱਤੇ ਲੋਕ ਇਨਸਾਫ ਦੇ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਨੇ ਹਮਲਾ ਕੀਤਾ ਸੀ ਤਾਂ ਓਥੇ ਤਾਇਨਾਤ ਸਬ ਇੰਸਪੈਕਟਰ ਲਾਭ ਸਿੰਘ ਨੇ ਡਿਊਟੀ ਵਿਚ ਕੁਤਾਹੀ ਕੀਤੀ ਤੇ ਸਥਿਤੀ ਸਹੀ ਤਰੀਕੇ ਨਾਲ ਨਹੀਂ ਸੰਭਾਲੀ, ਜਿਸ ਲਈ ਸਬ ਇੰਸਪੈਕਟਰ ਲਾਭ ਸਿੰਘ ਨੂੰ ਸਸਪੈਂਡ ਕਰ ਕੇ ਲਾਈਨ ਹਾਜ਼ਰ ਕੀਤਾ ਗਿਆ ਹੈ।

# ਇਮਰਾਨ ਖਾਨ ਦੀ ਕੁਰਸੀ ਖਤਰੇ ਵਿੱਚ: ਪੀ ਟੀ ਆਈ ਦੇ 22 ਐਮ ਐਨ ਏ ਪਾਰਟੀ ਛੱਡਣ ਨੂੰ ਤਿਆਰ

ਨਵੀਂ ਦਿੱਲੀ, 8 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ-ਐਨ) ਦੇ ਸੀਨੀਅਰ ਨੇਤਾ ਸ਼ਾਹਿਦ ਖਾਕਾਨ ਅੱਬਾਸੀ ਨੇ ਦਾਅਵਾ ਕੀਤਾ ਹੈ ਕਿ ਇਮਰਾਨ ਖਾਨ ਦੀ ਕੁਰਸੀ ਖਤਰੇ ਵਿੱਚ ਹੈ ਅਤੇ ਹਾਕਮ ਧਿਰ ਪਾਕਿ-ਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਦੇ 22 ਨੈਸ਼ਨਲ ਅਸੈਂਬਲੀ ਦੇ ਮੈਂਬਰ (ਐਮ ਐਨ ਏ) ਪਾਰਟੀ ਛੱਡਣ ਲਈ ਤਿਆਰ ਹਨ।

ਅੱਬਾਸੀ ਨੇ ਕਿਹਾ ਕਿ ਲੋੜੀਂਦੀ ਗਿਣਤੀ ਹਾਸਲ ਕਰਨ ਦੇ ਬਾਅਦ ਬੇਭਰੋਸਗੀ ਮਤਾ ਪੇਸ਼ ਕੀਤਾ ਜਾਏਗਾ। ਉਨ੍ਹਾਂ ਨੇ ਇਸਲਾਮਾਬਾਦ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਕਿਹਾ, ਪੀ ਟੀ ਆਈ ਦੇ 22 ਐਮ ਐਨ ਏ ਆਪਣੀ ਪਾਰਟੀ ਨਾਲ ਨਹੀਂ ਰਹਿਣਾ ਚਾਹੁੰਦੇ। ਦੇਸ਼ ਤਬਾਹੀ ਤੇ ਪਤਨ ਵੱਲ ਵਧ ਰਿਹਾ ਹੈ ਅਤੇ ਇੱਕੋ-ਇੱਕ ਹੱਲ ਨਿਰਪੱਖ ਅਤੇ ਤੁਰੰਤ ਚੋਣਾਂ ਹੈ। ਉਨ੍ਹਾਂ ਕਿਹਾ, ਸਾਡੀ ਵਿਵਸਥਾ ਵਿੱਚ ਗੈਰ ਸੰਵਿਧਾਨਕ ਦਖਲ ਹੈ ਜਦ ਵੀ ਬੈਸਾਖੀ ਹਟਾਈ ਜਾਏਗੀ, ਸਰਕਾਰ 24 ਘੰਟੇ ਵਿੱਚ ਡਿੱਗ ਜਾਏਗੀ। ਬੀਤੇ ਸ਼ਨੀਵਾਰ ਪੀ ਐਮ ਐਲ-ਐਨ ਦੇ ਮੁਖੀ ਸ਼ਾਹਬਾਜ਼ ਸ਼ਰੀਫ ਨੇ ਪਾਕਿ-ਸਤਾਨ ਪੀਪੁਲਸ ਪਾਰਟੀ (ਪੀ ਪੀ ਸੀ) ਦੇ ਪ੍ਰਧਾਨ ਬਿਲਾਵਲ ਭੁੱਟੋ ਜ਼ਰਦਾਰੀ ਅਤੇ ਉਨ੍ਹਾਂ ਦੇ ਪਿਤਾ ਪੀ ਪੀ ਪੀ ਦੇ ਸਹਿ ਪ੍ਰਧਾਨ ਆਸਿਫ ਅਲੀ ਜ਼ਰਦਾਰੀ ਨਾਲ ਸ਼ਨੀਵਾਰ ਨੂੰ ਲਾਹੌਰ ਵਿੱਚ ਸ਼ਾਹਬਾਜ਼ ਦੇ ਘਰ ਮੁਲਾਕਾਤ ਕੀਤੀ। ਇਸ ਮੌਕੇ ਪੀ ਐਮ ਐਲ-ਐਨ ਦੀ ਉਪ ਪ੍ਰਧਾਨ ਮਰਿਅਮ ਨਵਾਜ਼ ਸ਼ਰੀਫ ਵੀ ਮੌਜੂਦ ਸਨ। ਇੱਕ ਰਿਪੋਰਟ ਅਨੁਸਾਰ ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਵਿਰੋਧੀ ਧਿਰ ਦੇ ਨੇਤਾਵਾਂ ਨੇ ਮੌਜੂਦਾ ਸਰਕਾਰ ਨੂੰ ਹਟਾਉਣ ਦੇ ਮਕਸਦ ਨਾਲ ਰਣਨੀਤੀ ਤਹਿਤ ਸਹਿਯੋਗ ਕਰਨ ਲਈ ਮੁਲਾਕਾਤ ਕੀਤੀ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੀ ਐਮ ਐਲ-ਐਨ ਨੇ ਪੀ ਪੀ ਪੀ ਨੂੰ ਕਿਹਾ ਹੈ ਕਿ ਜਦ ਪਾਰਟੀ ਦੀ ਕੇਂਦਰੀ ਕਾਰਜਕਾਰੀ ਕਮੇਟੀ ਨੂੰ ਬੇਭਰੋਸਗੀ ਮਤਾ ਪੇਸ਼ ਕੀਤਾ ਜਾਏਗਾਤਾਂ ਉਹ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐਮ) ਦੇ ਨਾਲ ਇੱਕ ਵਿਆਪਕ ਗੱਠਜੋੜ ਬਣਾਉਣਾ ਚਾਹੇਗੀ।

# ਹੀਰੋ ਏਜੰਸੀ ਵਿੱਚੋਂ ਅੱਧੀ ਰਾਤ ਨੂੰ ਤਿੰਨ ਵਾਹਨ ਚੋਰੀ

ਨਕੋਦਰ, 8 ਫਰਵਰੀ (ਪੋਸਟ ਬਿਊਰੋ)- ਸ਼ਨੀਵਾਰ ਰਾਤ ਚੋਰਾਂ ਨੇ ਇਸ ਸ਼ਹਿਰ ਵਿੱਚ ਸ਼ੰਕਰ ਰੋਡ ਉੱਤੇ ਇੱਕ ਮੋਟਰ ਸਾਈਕਲ ਏਜੰਸੀ ਦੇ ਤਾਲੇ ਤੇ ਸ਼ੀਸ਼ੇ ਤੋੜ ਕੇ ਦੋ ਨਵੇਂ ਮੋਟਰ ਸਾਈਕਲ ਤੇ ਇੱਕ ਪੁਰਾਣੀ ਸਕੂਟਰੀ ਚੋਰੀ ਕਰ ਲਈ। ਜਿਸ ਥਾਂ ਉੱਤੇ ਇਹ ਚੋਰੀ ਹੋਈ, ਉਸ ਤੋਂ ਕੁਝ ਦੂਰ ਬਣੇ ਇੱਕ ਪੱਕੇ ਨਾਕੇ 'ਤੇ ਪੰਜਾਬ ਪੁਲਸ ਅਤੇ ਪੈਰਾ ਮਿਲਟਰੀ ਦੇ ਮੁਲਾਜ਼ਮ ਡਿਊਟੀ ਕਰ ਰਹੇ ਸਨ, ਪਰ ਚੋਰਾਂ ਨੇ ਪ੍ਰਵਾਹ ਨਹੀਂ ਕੀਤੀ।

ਕੇ ਕੇ ਏਜੰਸੀ ਦੇ ਮਾਲਕ ਮੋਹਿਤ ਚੋਪੜਾ ਬੰਟੀ ਨੇ ਦੱਸਿਆ ਕਿ ਸ਼ਨੀਵਾਰ ਉਹ ਏਜੰਸੀ ਦਾ ਤਾਲਾ ਲਾ ਕੇ ਘਰ ਗਿਆ ਸੀ, ਕੱਲ੍ਹ ਸਵੇਰੇ ਕਿਸੇ ਨੇ ਉਸ ਨੂੰ ਫੋਨ ਉੱਤੇਦੱਸਿਆ ਕਿ ਉਸ ਦੀ ਏਜੰਸੀ ਦੇ ਸ਼ਟਰ ਦੇ ਤਾਲੇ ਟੁੱਟੇ ਹੋਏ ਅਤੇ ਅੰਦਰ ਸ਼ੀਸ਼ੇ ਖਿਲਰੇ ਪਏ ਹਨ। ਜਦੋਂ ਉਹ ਏਜੰਸੀਪਹੁੰਚਿਆ ਤਾਂ ਚੋਰਾਂ ਨੇ ਸ਼ਟਰ ਦੇ ਤਾਲੇ ਤੋੜ ਕੇ ਅੱਗੇ ਲੱਗੇ ਵੱਡੇ ਸ਼ੀਸ਼ੇ ਨੂੰ ਤੋੜ ਕੇ ਸਰਵਿਸ ਲਈ ਆਏ ਦੋ ਮੋਟਰ ਸਾਈਕਲ ਅਤੇ ਇੱਕ ਸਕੂਟਰੀ ਚੋਰੀ ਕੀਤੀ ਹੋਈ ਸੀ। ਚੋਪੜਾ ਨੇ ਦੱਸਿਆ ਕਿ ਚੋਰਾਂ ਨੇ ਏਜੰਸੀ ਦੀ ਨੰਬਰ ਪਲੇਟ ਵੀ ਚੋਰੀ ਕੀਤੀ ਹੈ। ਪੁਲਸ ਆਸ-ਪਾਸ ਲੱਗੇ ਹੋਏ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਕਢਵਾ ਜਾ ਰਹੀ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਮਹਾਂਭਾਰਤ ਦੇ ਭੀਮ ਓਲੰਪੀਅਨ ਪਰਵੀਨ ਕੁਮਾਰ ਦਾ ਦੇਹਾਂਤ

ਵਰਿਆਮ ਸਿੰਘ ਸੰਧੂ ਵੱਲੋਂ ਸੰਪਾਦਤ ਪੁਸਤਕ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ ਸਰਵਣ ਸਿੰਘ' ਵਿਚ ਜਿਥੇ ਪ੍ਰਿੰ. ਸਰਵਣ ਸਿੰਘ ਦੀਆਂ ਲਿਖਤਾਂ ਬਾਰੇ ਚਾਲੀ ਕੁ ਸਮਕਾਲੀ ਲੇਖਕਾਂ ਦੇ ਲੇਖ ਹਨ ਉਥੇ ਸਰਵਣ ਸਿੰਘ ਦੀਆਂ ਰਚਨਾਵਾਂ ਦੇ ਕੁਝ ਨਮੂਨੇ ਵੀ ਪੇਸ਼ ਕੀਤੇ ਗਏ ਹਨ। ਪੇਸ਼ ਹੈ ਉਸ ਦੇ 1960ਵਿਆਂ ਦੇ ਦੌਰ ਵਿਚ ਲਿਖੇ ਖਿਡਾਰੀਆਂ ਦੇ ਰੇਖਾ ਚਿੱਤਰਾਂ 'ਚੋਂ ਇਕ ਨਮੂਨਾ। ਇਹ ਪਹਿਲਾਂ 'ਆਰਸੀ' ਵਿਚ ਛਪਿਆ ਸੀ ਪਿੱਛੋਂ ਸੁਖਬੀਰ ਨੇ ਹਿੰਦੀ ਅਨੁਵਾਦ 'ਧਰਮ ਯੁੱਗ' ਵਿਚ ਛਪਵਾਇਆ।

ਪਰਵੀਨ ਕੁਮਾਰ ਦਾ ਕੱਦ ਛੇ ਫੁੱਟ ਸੱਤ ਇੰਚ ਹੈ ਤੇ ਭਾਰ ਸਵਾ ਕੁਇੰਟਲ। ਪੰਜਾਹ ਇੰਚ ਛਾਤੀ, ਉਣੱਤੀ ਇੰਚ ਪੱਟ ਤੇ ਸਤਾਰਾਂ ਇੰਚ ਡੌਲ਼ੇ। ਉਹ ਮੇਰੇ ਵਡ-ਵਡੇਰਿਆਂ ਦੇ ਪਿੰਡ ਸਰਹਾਲੀ ਦਾ ਜੰਮਪਲ ਹੈ ਜਿਸ ਨੂੰ ਕਈ ਚੋਰਾਂ ਵਾਲੀ ਸਰਹਾਲੀ ਵੀ ਕਹਿੰਦੇ ਹਨ। ਇਹ ਭਾਈ ਬਿਧੀ ਚੰਦ ਦਾ ਨਾਨਕਾ ਪਿੰਡ ਹੈ ਜਿਸ ਨੇ ਲਾਹੌਰ ਦੇ ਕਿਲੇ 'ਚੋਂ ਘੋੜੇ ਕੱਢੇ ਸਨ। ਪਰਵੀਨ ਦਾ ਜਨਮ 6 ਦਸੰਬਰ 1947 ਨੂੰ ਸੰਧੂਆਂ ਦੇ ਬਾਹੀਏ ਵਿਚਕਾਰ ਵਸਦੇ ਪੰਡਤਾਂ ਦੇ ਸੋਬਤੀ ਪਰਿਵਾਰ ਵਿਚ ਹੋਇਆ। ਉਹ ਸਹੁੰ ਖਾਂਦਿਆਂ ਅੰਬਰਸਰ ਵੱਲ ਹੱਥ ਕਰਦਾ ਹੈ। ਉਹਦੀ ਮਸ਼ਹੂਰੀ ਤਰਨਤਾਰਨ ਦੇ ਟੂਰਨਾਮੈਂਟ ਤੋਂ ਸ਼ੁਰੂ ਹੋਈ ਜੋ ਏਸ਼ੀਆ ਤੇ ਕਾਮਨਵੈਲਥ ਦੇਸ਼ਾਂ ਦੀਆਂ ਹੱਦਾਂ ਲੰਘ ਗਈ। ਉਹਨੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਖੇਡ ਮੁਕਾਬਲਿਆਂ ਵਿਚ ਦਰਜਨ ਤੋਂ ਵੱਧ ਤਮਗ਼ੇ ਜਿੱਤੇ। ਉਹਦੀਆਂ ਬਾਹਵਾਂ ਨੇ 65.76 ਮੀਟਰ ਹੈਮਰ ਸੁੱਟਿਆ ਤੇ 56.74 ਮੀਟਰ ਦੂਰ ਡਿਸਕਸ ਸੁੱਟੀ। ਆਮ ਬੰਦੇ ਤੋਂ ਏਨੀ ਦੂਰ ਰੋੜਾ ਵੀ ਨਹੀਂ

## ਧਰਤੀਧੱਕ

ਸੁੱਟਿਆ ਜਾਂਦਾ। ਉਹ ਵਾਰ-ਵਾਰ ਏਸ਼ੀਆ ਦਾ ਚੈਂਪੀਅਨ ਬਣਿਆ। 1966 ਵਿਚ ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ 'ਚ ਉਹ ਹੈਮਰ ਸੁੱਟਣ ਵਿਚ ਸੈਕੰਡ ਰਿਹਾ ਸੀ। ਉਸ ਸਮੇਂ ਉਹ ਦੁਨੀਆ ਦਾ ਸਭ ਤੋਂ ਛੋਟੀ ਉਮਰ ਦਾ ਸਭ ਤੋਂ ਕੱਦਾਵਰ ਤੇ ਵਜ਼ਨ ਵਿਚ ਸਭ ਤੋਂ ਭਾਰਾ ਸੁਟਾਵਾ ਗਿਣਿਆ ਗਿਆ ਸੀ। ਉਦੋਂ ਤਕ ਉਹਨੇ ਦੋ ਬੰਦੇ ਹੀ ਆਪਣੇ ਕੱਦ ਤੋਂ ਉੱਚੇ ਵੇਖੇ ਸਨ। ਇਕ ਤਰਸਿੱਕੇ ਬਲਾਕ ਵਿਚ ਤੇ ਦੂਜਾ ਦਾਰਾ ਦੁਲਚੀਪੁਰੀਆ।

ਸਮੇਂ ਨਾਲ ਉਹਦੇ 'ਚ ਬੜੀ ਤਬਦੀਲੀ ਆਈ। ਖੇਡ ਅਖਾੜੇ 'ਚ ਵੜਦਿਆਂ ਉਹ ਸਿੱਧ-ਪੱਧਰਾ ਪੇਂਡੂ ਮਝੈਲ ਸੀ। ਸਰਹਾਲੀ ਤੋਂ ਅੰਬਰਸਰ ਉਹਦੀ ਦੁਨੀਆ ਸੀ। ਪਰ ਬਾਅਦ ਵਿਚ ਉਹਨੇ ਏਨੀ ਦੁਨੀਆ ਵੇਖੀ ਕਿ ਉਠਦਿਆਂ ਬੈਠਦਿਆਂ ਐਕਟਰਾਂ ਨੂੰ ਵੀ ਮਾਤ ਪਾਉਣ ਲੱਗਾ। ਮਾਤ ਕੀ ਬਣ ਹੀ ਐਕਟਰ ਗਿਆ। 1965 ਵਿਚ ਹੱਥ ਮੂੰਹ ਧੋਂਦਿਆਂ ਉਹਦੇ ਕੋਲੋਂ ਵਾਸ਼ ਬੇਸਣ ਟੁੱਟ ਗਿਆ ਸੀ। ਉਸ ਨੂੰ ਉਹ ਖੂਹ ਦੀ ਮਣ ਸਮਝ ਬੈਠਾ ਸੀ। ਉਦੋਂ ਹੋਵੇਗਾ ਅਠਾਰਾਂ ਉਨੀ ਸਾਲਾਂ ਦਾ। ਉਹ ਟੀਮ ਨਾਲ ਮਦਰਾਸ ਗਿਆ। ਟੀਮ ਹੋਟਲ 'ਚ ਠਹਿਰੀ। ਪਰਵੀਨ ਵਾਸ਼ ਬੇਸਣ ਵਿਚ ਹੱਥ ਧੋਣ ਲੱਗਾ ਪੈਰ ਵੀ ਧੋਣ ਲੱਗ ਪਿਆ। ਫਿਰ ਪੈਰ ਵਾਸ਼ ਬੇਸਣ ਉਤੇ ਟਿਕਾ ਕੇ ਪਰਨੇ ਨਾਲ ਪੂੰਝਣ ਲੱਗਾ। ਪੈਰ 'ਤੇ ਭਾਰ ਕੁਝ ਵਧੇਰੇ ਆ ਗਿਆ ਤੇ ਚੀਨੀ ਦਾ ਖੋਲ ਥੱਲੇ ਡਿੱਗ ਕੇ ਖਿਲਰ ਗਿਆ। ਖੜਕਾ ਸੁਣ ਕੇ ਨੌਕਰ ਭੱਜਾ ਆਇਆ ਤੇ ਕਹਿਣ ਲੱਗਾ, "ਇਹ ਢਾਈ ਸੌ ਦਾ ਸੀ।"

ਪਿੰਡ 'ਚੋਂ ਪਹਿਲੀ ਵਾਰ ਵੱਡੇ ਸ਼ਹਿਰ ਗਏ ਪਰਵੀਨ ਨੂੰ ਦੁੱਖ ਹੋਇਆ ਕਿ ਵਹਿੜਕੇ ਦੇ ਮੁੱਲ ਦੀ ਚੀਜ਼ ਐਵੇਂ ਟੁੱਟ ਗਈ! ਫਿਰ ਉਹ ਨ੍ਹਾਉਣ ਗਿਆ ਤਾਂ ਗੁਸਲਖਾਨੇ 'ਚ ਚੀਨੀ ਦਾ ਵੱਡਾ ਟੱਬ ਵੇਖ ਕੇ ਨੌਕਰ ਨੂੰ ਕਹਿਣ ਲੱਗਾ, "ਆਹ ਟੜਾ ਟੱਬ ਹੁਣੇ ਚੁੱਕ ਲਓ। ਟੁੱਟ ਇਹ ਵੀ ਜਾਣਾ। ਫੇਰ ਕਹੋਂਗੇ, ਹਜ਼ਾਰ ਦਾ ਤੋੜਤਾ!"

ਇਕੇਰਾਂ ਉਹ ਰੇਲ ਗੱਡੀ ਵਿਚ ਸਫ਼ਰ ਕਰ ਰਿਹਾ ਸੀ। ਰਜਾਈ ਲੈ ਕੇ ਲੰਮਾ ਪੈ ਗਿਆ ਪਰ ਮੂੰਹ ਨੰਗਾ ਰੱਖ ਲਿਆ। ਇਕ ਮੁਸਾਫ਼ਿਰ ਆਇਆ ਜੋ ਕਹਿਣ ਲੱਗਾ, "ਭਲਵਾਨਾਂ, ਰਤਾ ਲੱਤਾਂ 'ਕੱਠੀਆਂ ਕਰੀਂ, ਮੈਨੂੰ ਵੀ ਬਹਿ ਲੈਣ ਦੇ।"

ਲੱਤਾਂ ਪਰਵੀਨ ਦੀਆਂ ਪਹਿਲਾਂ ਹੀ 'ਕੱਠੀਆਂ ਕੀਤੀਆਂ ਹੋਈਆਂ ਸਨ। ਉਹਨੇ ਸਿੱਧੀਆਂ ਕਰ ਦਿੱਤੀਆਂ। ਪੈਰ ਰਜਾਈ 'ਚੋਂ ਬਾਹਰ ਨਿਕਲ ਆਏ। ਮੁਸਾਫ਼ਿਰ ਕਦੇ ਪੈਰਾਂ ਵੱਲ ਵੇਖੇ, ਕਦੇ ਸਿਰ ਵੱਲ। ਹੈਰਾਨ ਹੋਇਆ ਬੋਲਿਆ, "ਤਾਂਹੀਏਂ!"

ਪਰਵੀਨ ਨੇ ਪੁੱਛਿਆ, "ਤਾਂਹੀਏਂ ਕੀ?"

ਮੁਸਾਫ਼ਿਰ ਨੇ ਵਿਅੰਗ ਨਾਲ ਕਿਹਾ, "ਮੈਂ ਸਮਝਿਆ ਸੀ ਕੋਈ ਬੰਦਾ ਇਆ!"

ਜਦੋਂ ਉਹ ਪਹਿਲੀ ਵਾਰ ਪਟਿਆਲੇ ਕੋਚਿੰਗ ਕੈਂਪ ਵਿਚ ਆਇਆ ਤਾਂ ਮੈਂ ਉਹਤੋਂ ਖੁਰਾਕ ਪੁੱਛੀ। ਉਹਨੇ ਕਿਹਾ, "ਖੁਰਾਕ ਗਿਣ ਮਿਥ ਕੇ ਥੋੜ੍ਹੋ ਖਾਈਦੀ ਆ। ਕਦੇ ਘੱਟ ਕਦੇ ਵੱਧ।"

"ਨਾ ਤਾਂ ਵੀ। ਘੱਟ ਵੱਧ ਦਾ ਕੁਛ ਤਾਂ ਅੰਦਾਜ਼ਾ ਲੱਗੇ।"

"ਅੰਦਾਜ਼ੇ ਨਾਲ ਪੰਜ ਛੇ ਕਿੱਲੋ ਦੁੱਧ, ਪਾ ਡੇਢ ਪਾ ਘਿਓ, ਛੇ ਸੱਤ ਆਂਡੇ ਤੇ ਕਿੱਲੋ ਸਵਾ ਕਿੱਲੋ ਮੀਟ। ਇਹ ਪਿੰਡ ਦੀ ਗੱਲ ਆ। ਜੇ ਸ਼ਹਿਰ 'ਚ ਹੋਈਏ ਤਾਂ ਭੁੱਖੇ ਵੀ ਰਹਿ ਲਈਦਾ!"

ਕੈਂਪ ਵਿਚ ਅਜਮੇਰ ਸਿੰਘ ਮਸਤ ਰੂਹ ਅਫ਼ਜ਼ੇ ਦੀ ਬੋਤਲ ਲੈ ਆਇਆ। ਪਰਵੀਨ ਨੂੰ ਪਤਾ ਨੀ ਕਿਵੇਂ ਮੁਸ਼ਕ ਆ ਗਿਆ। ਅਜਮੇਰ ਨ੍ਹਾਉਣ ਗਿਆ ਤਾਂ ਪਰਵੀਨ ਨੇ ਦਾਅ ਤਕਾ ਕੇ ਬਾਰ ਭੇੜਿਆ, ਬੋਤਲ ਘੜੇ 'ਚ ਮੂਧੀ ਕੀਤੀ, ਹੱਥ ਨਾਲ ਮਧਾਣੀ-ਗੇੜਾ ਦਿੱਤਾ ਤੇ ਘੜੇ ਨੂੰ ਹੀ ਮੂੰਹ ਲਾ ਕੇ ਪੀ ਗਿਆ। ਉਹਨੀਂ ਦਿਨੀਂ ਖਾਣ ਪੀਣ ਬਾਰੇ ਉਹ ਕਿਹਾ ਕਰਦਾ ਸੀ ਕਿ ਰੱਜਵਾਂ ਮਿਲੇ ਤਾਂ ਬੰਦਾ ਖਾਣੋ ਹੀ ਨਾ ਹਟੇ!

1966 ਵਿਚ ਭਾਰਤੀ ਅਥਲੀਟਾਂ ਦੀ ਟੀਮ ਸੋਵੀਅਤ ਰੂਸ ਜਾਣੀ ਸੀ। ਦਿੱਲੀ ਦੇ ਰੂਸੀ ਸਫ਼ਾਰਤਖਾਨੇ ਨੇ ਟੀਮ ਨੂੰ



ਪਾਰਟੀ ਦਿੱਤੀ। ਪਾਰਟੀ ਪਿੱਛੋਂ ਪਰਵੀਨ ਹੋਟਲ 'ਚ ਆ ਕੇ ਕਹੀ ਜਾਵੇ, "ਉਹ ਪਤਾ ਨੀ ਵੋਦਕਾ-ਵੂਦਕਾ ਕੀ ਨਾਂ ਲੈਂਦੇ ਸੀ। ਐਵੇਂ ਪਿਆਲੀਆਂ ਦੇ ਬੱਚਿਆਂ ਜਿਊਂ 'ਚ ਪਾ-ਪਾ ਦੇਈ ਜਾਣ। ਨਾ ਪੀਣ ਨਾ ਛੱਡਣ। ਸਾਡਾ ਉਹਨਾਂ ਨਾਲ ਕੀ ਬਣਦਾ? ਸਾਨੂੰ ਤਾਂ ਡੋਲ ਚਾਹੀਦਾ ਸੀ, ਭਰਿਆ ਹੋਇਆ। ਫੇਰ ਬਣਦੀ ਸਰਹਾਲੀ ਵਾਲੀ ਗੱਲ।"

ਪਹਿਲਾਂ ਪਹਿਲ ਪਰਵੀਨ ਨੇ ਪਹਿਲਵਾਨ ਬਣਨ ਦੀ ਠਾਣੀ ਸੀ। ਉਹ ਹਰ ਰੋਜ਼ ਡੇਢ ਦੋ ਸੌ ਡੰਡ ਤੇ ਪੰਜ ਛੇ ਸੌ ਬੈਠਕਾਂ ਕੱਢਦਾ ਸੀ। ਟੋਕਾ ਗੇੜਦਿਆਂ ਦਸ-ਦਸ ਭਰੀਆਂ ਪੱਠਿਆਂ ਦੀਆਂ ਕੁਤਰ ਦੇਣੀਆਂ। ਉਹਦੇ ਪਿਤਾ ਜੀ ਪੁਲਿਸ ਵਿਚ ਥਾਣੇਦਾਰ ਸਨ ਤੇ ਖ਼ੁਦ ਖਿਡਾਰੀ ਰਹੇ ਸਨ। ਉਹਨਾਂ ਨੂੰ ਸ਼ੌਕ ਸੀ ਕਿ ਪੁੱਤਰ ਖੁਰਾਕ ਖਾ ਕੇ ਤਕੜੇ ਖਿਡਾਰੀ ਬਣਨ। ਏਹੋ ਕਾਰਨ ਸੀ ਕਿ ਬੱਚਿਆਂ ਨੂੰ ਖਾਣ ਪੀਣ ਲਈ ਚੰਗਾ ਚੋਖਾ ਮਿਲਦਾ ਰਿਹਾ ਤੇ ਉਹ ਬੜੇ ਕੱਦਾਵਰ ਨਿਕਲੇ।

ਪਰਵੀਨ ਤੇ ਉਹਦਾ ਭਾਈ ਹਵੇਲੀ ਸੁੱਤੇ ਪਏ ਸਨ। ਚੋਰਾਂ ਨੇ ਉਹਨਾਂ ਦੀ ਵਛੇਰੀ ਖੋਲ੍ਹ ਲਈ। ਪਰਵੀਨ ਦੀ ਅੱਖ ਖੁੱਲ੍ਹ ਗਈ। ਉਹਨੇ ਬੰਦੂਕ ਵਾਲੇ ਬੰਦੇ ਨੂੰ ਜੱਫਾ ਮਾਰ ਲਿਆ ਤੇ ਬੰਦੂਕ ਦੀ ਨਾਲੀ ਕੱਛ ਹੇਠ ਘੁੱਟ ਲਈ। ਚੋਰ ਨੇ ਫਾਇਰ ਕਰ ਦਿੱਤਾ। ਗੋਲੀ ਕੱਛ ਵਿਚ ਦੀ ਲੰਘ ਗਈ। ਨਾਲ ਦੇ ਚੋਰ ਨੇ ਬੰਦੂਕ ਫੜ ਕੇ ਬੱਟ ਸਿਰ ਵਿਚ ਮਾਰਿਆ ਜਿਸ ਨਾਲ ਪਰਵੀਨ ਭੁਆਂਟਣੀ ਖਾ ਕੇ ਡਿੱਗ ਪਿਆ। ਚੋਰ ਦੌੜ ਗਏ। ਇਸ ਹਾਦਸੇ ਪਿੱਛੋਂ ਪਰਵੀਨ ਦੀ ਖੁਰਾਕ ਹੋਰ ਵਧਾ ਦਿੱਤੀ ਗਈ ਕਿ ਕੱਲ੍ਹ-ਕਲੋਤਰ ਨੂੰ ਫਿਰ ਇਹੋ ਜਿਹੀ ਘਟਨਾ ਵਾਪਰੇ ਤਾਂ ਉਹ ਘੱਟਘੱਟ ਦੋਂਹ ਜਣਿਆਂ ਦਾ ਮੁਕਾਬਲਾ ਤਾਂ ਕਰੇ।

ਮੈਂ ਪਰਵੀਨ ਤੋਂ ਉਹਦਾ ਮਨਭਾਉਂਦਾ ਸ਼ੌਂਕ ਪੁੱਛਿਆ ਤਾਂ ਉਹਨੇ ਕਿਹਾ, "ਮੇਰਾ ਸ਼ੌਂਕ ਆ ਪਈ ਜੁੱਸਾ ਹੋਰ ਤਗੜਾ ਹੋਵੇ। ਖੜ੍ਹਾ ਬੰਦਾ ਲੱਗਾਂ। ਆਦਮੀ ਦਾ ਜੁੱਸਾ ਏਨਾ ਤਗੜਾ ਹੋਵੇ ਪਈ ਦੇਖਣ ਆਲੇ ਨੂੰ ਦਹਿਸ਼ਤ ਆਵੇ। ਲੋਕ ਰਾਹ ਛੱਡ ਕੇ ਲੰਘਣ। ਅਸਲ ਵਿਚ ਜੂੰਨ ਈ ਤਗੜੇ ਬੰਦੇ ਦੀ ਆ। ਮਾੜੇ ਦੀ ਕਾਹਦੀ ਜੂੰਨ?"

ਜਦੋਂ ਉਹ ਪਿੰਡ ਰਹਿੰਦਾ ਸੀ ਤਾਂ ਪਿੰਡ ਦੀ ਰੌੜ ਵਿਚ ਪ੍ਰੈਕਟਿਸ ਕਰਦਾ ਸੀ। ਦੂਰ ਸਾਰੇ ਇਕ ਵੱਟ ਸੀ। ਉਹਦੀ ਰੀਝ ਸੀ ਕਿ ਉਹਦੀ ਸੁੱਟ ਕਿਸੇ ਦਿਨ ਉਸ ਵੱਟ ਉਤੇ ਚਲੀ ਜਾਵੇ। ਉਸ ਅਣਮਿਣੀ ਵੱਟ ਉਤੇ! ਤਾਂ ਹੀ ਉਹ ਆਪਣੀ ਘਾਲਣਾ ਸਫਲ ਸਮਝੇਗਾ। ਫਿਰ ਉਹਦਾ ਵਾਸਾ ਜਲੰਧਰ ਹੋ ਗਿਆ। ਫਿਰ ਪਿੰਡ ਦੀ ਜ਼ਮੀਨ ਜਾਇਦਾਦ ਵੇਚ ਕੇ ਉਹਨਾਂ ਨੇ ਦਿੱਲੀ ਜਾ ਕੋਠੀ ਪਾਈ ਤੇ ਉਥੇ ਹੀ ਕਾਰੋਬਾਰ ਤੋਰ ਲਿਆ। ਪਰਵੀਨ ਖ਼ੁਦ ਬਾਰਡਰ ਸਕਿਉਰਿਟੀ ਵਿਚ ਕੰਮ ਕਰਦਾ ਰਿਹਾ ਤੇ ਡੀ. ਐਸ. ਪੀ. ਦੇ ਅਹੁਦੇ ਤਕ ਚਲਾ ਗਿਆ। ਫਿਰ ਉਹ ਨੌਕਰੀ ਨੂੰ ਲੱਤ ਮਾਰ ਕੇ ਫਿਲਮਾਂ 'ਚ ਰੋਲ ਕਰਨ ਲਈ ਬੰਬਈ ਜਾ ਪੁੱਜਾ। ਉਹਨੇ ਦਾਰਾ ਸਿੰਘ ਵਾਂਗ ਮਝੈਲ ਲਹਿਜੇ 'ਚ ਹਿੰਦੀ ਦੇ ਡਾਇਲਾਗ ਬੋਲੇ ਤੇ ਸੀਰੀਅਲ ਮਹਾਂਭਾਰਤ ਦਾ ਭੀਮ ਬਣਿਆ। ਉਹ ਦੋ ਭਾਈ ਖੇਡਾਂ 'ਚ ਚਮਕੇ ਪਰ ਕਹਿੰਦੇ ਇਹੋ ਰਹੇ, "ਖੇਡਾਂ 'ਚ ਭੁੱਖ ਨੰਗ ਤੋਂ ਸਿਵਾ ਹੋਰ ਹੈ ਵੀ ਕੀ?"

ਪਰਵੀਨ ਨੇ ਸਕੂਲੀ ਸਿੱਖਿਆ ਸਰਹਾਲੀ ਦੇ ਹਾਈ ਸਕੂਲ ਵਿਚ ਲਈ। ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਪੜ੍ਹਨ ਲੱਗਾ ਸੀ ਜਦੋਂ ਬਾਰਡਰ ਸਕਿਉਰਿਟੀ ਫੋਰਸ ਨੇ ਖਿਡਾਰੀਆਂ ਦੇ ਕੋਟੇ ਵਿਚ ਭਰਤੀ ਕਰ ਲਿਆ। ਨੌਕਰੀ ਤਾਂ ਨਾਂ ਦੀ ਸੀ, ਅਸਲ ਕੰਮ ਡਿਸਕਸ ਤੇ ਹੈਮਰ ਸੁੱਟਣਾ ਸੀ। ਹੈਮਰ ਤੇ ਡਿਸਕਸ ਦੇ ਉਸ ਨੇ ਛੋਟੀ ਉਮਰ ਵਿਚ ਹੀ ਰਿਕਾਰਡ ਰੱਖ ਦਿੱਤੇ ਪਰ ਜਿਹੜੀ ਕੁੜੀ ਨਾਲ ਉਹ ਅੱਖ ਮਟੱਕਾ ਕਰਦਾ ਸੀ ਉਹ ਚੈਂਪੀਅਨ ਬਣ ਕੇ ਵੀ ਉਹਦੇ ਕਾਬੂ ਨਾ ਆਈ। ਹੁਣ ਤਾਂ ਉਹ ਹਉਕਾ ਲੈ ਕੇ ਏਨਾ ਹੀ ਕਹਿੰਦਾ ਹੈ, "ਪਤਾ ਨੀ ਮਰ ਜਾਣੀ ਕਿਥੇ ਹੋਵੇ? ਪਤਾ ਨੀ ਹੋਵੇ ਜਾਂ ਨਾ ਹੋਵੇ!"

ਇਕ ਵਾਰ ਰੀਹ ਦੇ ਦਰਦ ਨੇ ਉਹਨੂੰ ਸਾਲ ਭਰ ਮੰਜੇ 'ਤੇ ਪਾਈ ਰੱਖਿਆ। ਉਹ ਦਿਨ ਚੇਤੇ ਕਰ ਕੇ ਉਹਦਾ ਅਜੇ ਵੀ ਗੱਚ ਭਰ ਆਉਂਦਾ ਹੈ। ਏਨਾ ਦਰਦ ਕਿ ਕਚੀਚੀ ਵੱਟ ਕੇ ਰੋਣ ਰੋਕਦਾ ਪਰ ਹੰਝੂ ਫਿਰ ਵੀ ਉਮਡ ਆਉਂਦੇ। ਉਹ ਕਹਿੰਦਾ ਹੈ, "ਪ੍ਰਮਾਤਮਾ ਉਹੋ ਜਿਹਾ ਦਰਦ ਮੁੜ ਕੇ ਨਾ ਦੇਵੇ, ਉਮਰ ਦੇ ਭਾਵੇਂ ਵੀਹ ਵਰ੍ਹੇ ਘਟਾ ਦੇਵੇ।"

1968 ਵਿਚ ਉਹਨੂੰ ਅਰਜਨਾ ਅਵਾਰਡ ਮਿਲਿਆ। 1966 ਤੇ 70 ਦੀਆਂ ਏਸ਼ਿਆਈ ਖੇਡਾਂ ਵਿਚੋਂ ਉਸ ਨੇ ਸੋਨੇ ਦੇ ਤਿੰਨ ਤਮਗ਼ੇ ਜਿੱਤੇ। ਦੋ ਵਾਰ ਓਲੰਪਿਕ ਖੇਡਾਂ 'ਚ ਭਾਗ ਲਿਆ। ਰੀਹ ਦੇ ਦਰਦ ਕਾਰਨ 1974 ਦੀਆਂ ਏਸ਼ਿਆਈ ਖੇਡਾਂ ਵਿਚੋਂ ਉਹ ਚਾਂਦੀ ਦਾ ਤਮਗ਼ਾ ਹੀ ਜਿੱਤ ਸਕਿਆ। ਮਨੀਲਾ ਤੇ ਸਿਓਲ ਦੀਆਂ ਏਸ਼ੀਅਨ ਅਥਲੈਟਿਕ ਮੀਟਾਂ ਵਿਚੋਂ ਉਸ ਨੇ ਵਾਰ ਵਾਰ ਸੋਨੇ ਦੇ ਤਮਗ਼ੇ ਜਿੱਤੇ। ਦਸ ਸਾਲ ਉਹ ਏਸ਼ੀਆ ਦਾ ਸਭ ਤੋਂ ਤਕੜਾ ਸੁਟਾਵਾ ਰਿਹਾ। ਜਰਮਨੀ ਵਿਚ ਅਥਲੈਟਿਕਸ ਦੇ ਡੈਜ਼ਲਡੋਰਫ਼ ਵਰਲਡ ਕੱਪ ਸਮੇਂ ਉਹ ਏਸ਼ੀਆ ਦੀ ਅਥਲੈਟਿਕ ਟੀਮ ਦਾ ਕਪਤਾਨ ਬਣਿਆ। ਉਥੇ ਉਹ ਕੁਲ ਦੁਨੀਆ ਵਿਚ ਚੌਥੇ ਨੰਬਰ 'ਤੇ ਆਇਆ। 1974 ਵਿਚ ਤਹਿਰਾਨ ਦੀਆਂ ਏਸ਼ਿਆਈ ਖੇਡਾਂ ਸਮੇਂ ਉਸ ਨੇ ਭਾਰਤੀ ਦਲ ਦੀ ਅਗਵਾਈ ਕੀਤੀ।

ਇਕ ਵਾਰ ਮੈਂ ਉਹਨੂੰ ਜਲੰਧਰ ਮਿਲਣ ਗਿਆ ਤਾਂ ਉਹ ਪਹਿਲਾਂ ਨਾਲੋਂ ਬਹੁਤ ਬਦਲਿਆ ਹੋਇਆ ਸੀ। ਭਲਵਾਨਾਂ ਵਾਲੇ ਘੋਨੇ ਸਿਰ ਦੀ ਥਾਂ ਲੰਮੇ ਪਟੇ ਸਨ। ਕਪੜਾ-ਲੱਤਾ ਫੈਸ਼ਨਦਾਰ ਤੇ ਅਦਾਵਾਂ ਸ਼ਹਿਰੀ। ਵੇਖਣ ਨੂੰ ਲਾਟ ਸਾਹਬ! ਮੈਂ ਸਮਝਿਆ, ਖ਼ੌਰੇ ਸਿਆਣੇ ਵੀ ਨਾ। ਗੱਲੀਂ ਬਾਤੀਂ ਖੁੱਲ੍ਹਿਆ ਤਾਂ ਉਹੀ ਸਰਹਾਲੀ ਵਾਲਾ ਪਰਵੀਨ ਨਿਕਲਿਆ। ਉਹੀ ਹਾਸਾ, ਉਹੀ ਮਖੌਲ ਤੇ ਉਹੀ



ਮਝੈਲ ਲਹਿਜਾ। ਪਰ ਕਦੇ-ਕਦੇ ਉਹ ਅੰਗਰੇਜ਼ੀ ਬੋਲਣ ਲੱਗ ਜਾਂਦਾ ਜਦਕਿ ਪਹਿਲਾਂ ਕੋਚ ਦਾ ਇਕੋ ਫਿਕਰਾ ਸੁਣ ਕੇ ਮੁੜ੍ਹਕੋ-ਮੁੜ੍ਹਕੀ ਹੋ ਜਾਂਦਾ ਸੀ। ਉੱਦਣ ਉਹ ਵਿਚੇ ਅੰਗਰੇਜ਼ੀ ਬੋਲੀ ਗਿਆ ਤੇ ਵਿਚੇ ਅੰਗਰੇਜ਼ੀ ਵਿਚ ਕਹੀ ਗਿਆ ਕਿ ਮੈਨੂੰ ਅੰਗਰੇਜ਼ੀ ਚੰਗੀ ਨਹੀਂ ਲੱਗਦੀ! 1966 ਵਿਚ ਉਸ ਨੂੰ ਵੋਦਕਾ ਦੀ ਘੁੱਟ ਭਰਨੀ ਨਹੀਂ ਸੀ ਆਈ ਪਰ ਤੁਰ ਫਿਰ ਕੇ ਉਹ ਕੁਲ ਦੁਨੀਆ ਦਾ ਸ਼ਿਸ਼ਟਾਚਾਰ ਜਾਣ ਗਿਆ।

ਜਦ ਉਹ ਪਹਿਲੀ ਵਾਰ ਹਵਾਈ ਜਹਾਜ਼ ਉਤੇ ਚੜ੍ਹਿਆ ਤਾਂ ਕੁਰਸੀ 'ਤੇ ਮਸਾਂ ਮੇਚ ਆਇਆ। ਬੈਠਾ ਬੈਠਾ ਬਟਨ ਛੇੜਣ ਲੱਗ ਪਿਆ। ਅਚਾਨਕ ਇਕ ਬਟਨ ਦੱਬਿਆ ਗਿਆ ਤੇ ਸੀਟ ਪਿਛੇ ਨੂੰ ਢਿਲਕ ਚੱਲੀ। ਪਰਵੀਨ ਨੇ ਸਮਝਿਆ ਲਓ ਇਹ ਵੀ ਹੋਟਲ ਦੇ ਵਾਸ਼ ਬੇਸਣ ਵਾਂਗ ਟੁੱਟੀ ਕਿ ਟੁੱਟੀ! ਉਹਨੇ ਫੌਰਨ ਆਪਣਾ ਭਾਰ ਪੈਰਾਂ ਉਤੇ ਕਰ ਲਿਆ ਤੇ ਸਾਰਾ ਸਫ਼ਰ ਪੈਰਾਂ ਭਾਰ ਹੀ ਕੀਤਾ। ਨੀਵੀਂ ਪਾਈ ਆਸੇ ਪਾਸੇ ਵਿੰਹਦਾ ਰਿਹਾ ਕਿ ਕੋਈ ਅੱਧ-ਟੁੱਟੀ ਸੀਟ ਨਾ ਵੇਖ ਲਵੇ ਤੇ ਜਹਾਜ਼ੀ ਅਮਲੇ ਨੂੰ ਨਾ ਦੱਸ ਦੇਵੇ! ਜਹਾਜ਼ ਹਵਾਈ ਅੱਡੇ 'ਤੇ ਉਤਰਿਆ ਤਾਂ ਉਹ ਤੇਜ਼ੀ ਨਾਲ ਜਹਾਜ਼ 'ਚੋਂ ਨਿਕਲਿਆ ਤੇ ਬਾਹਰ ਜਾ ਕੇ ਸਾਥੀਆਂ ਨੂੰ ਕਹਿਣ ਲੱਗਾ, "ਬੇਲੀਓ ਬਚ ਗਏ। ਮੈਂ ਜਿਹੜੀ ਸੀਟ 'ਤੇ ਬੈਠਾ ਸੀ ਉਹ ਟੁੱਟ ਗਈ ਜੇ। ਪਰ ਮੈਂ ਪੈਰਾਂ ਭਾਰ ਈ ਰਿਹਾਂ ਤੇ ਕਿਸੇ ਨੂੰ ਪਤਾ ਨੀ ਲੱਗਣ ਦਿੱਤਾ। ਮਾਲਕਾਂ ਨੂੰ ਪਤਾ ਲੱਗ ਜਾਂਦਾ ਤਾਂ ਆਪਣੀ ਫੜੀ ਫਾਰਨ ਐਕਸਚੇਂਜ ਏਥੇ ਈ ਲੱਗ ਜਾਣੀ ਸੀ!"

ਉਹ ਦਿਨ ਪੁੱਗ ਗਏ ਸਨ ਜਦੋਂ ਕਿਸੇ ਕੁੜੀ ਕੱਤਰੀ ਨਾਲ ਗੱਲ ਕਰਦਿਆਂ ਉਹਦੀ ਜ਼ਬਾਨ ਥਿੜਕਦੀ ਤੇ ਅਗਾਂਹ ਗੱਲ ਨਹੀਂ ਸੀ ਔੜਦੀ। ਪਿੱਛੋਂ ਤਾਂ ਟੋਕੀਓ ਦੀਆਂ ਜਪਾਨਣਾਂ ਤੇ ਯੂਰਪ ਦੀਆਂ ਮੇਮਾਂ ਵੀ ਉਹਦੀਆਂ ਗੱਲਾਂ ਵਿਚ ਦਿਲਚਸਪੀ ਲੈਂਦੀਆਂ ਸਨ। ਬਾਹਰ ਦੇ ਕੋਚਾਂ ਤੇ ਖਿਡਾਰੀਆਂ ਨਾਲ ਮਿਲ ਗਿਲ ਕੇ ਪੱਤਰਕਾਰਾਂ ਨੂੰ ਇੰਟਰਵਿਊ ਦੇਣ ਵਿਚ ਉਹ ਪੂਰਾ ਤਾਕ ਹੋ ਗਿਆ ਸੀ। ਗੱਲ ਬਾਤ ਕਰਦਿਆਂ ਮੂੰਹ ਦੇ ਨਾਲ ਹੱਥਾਂ ਪੈਰਾਂ ਤੇ ਸਰੀਰ ਨੂੰ ਵੀ ਹਰਕਤ ਵਿਚ ਲਿਆਉਂਦਾ ਸੀ।

ਗੱਲਾਂ ਬਾਤਾਂ ਕਰਦਿਆਂ ਕਦੇ-ਕਦੇ ਉਹਦੇ 'ਚੋਂ ਫਿਰ ਉਹੀ ਪੁਰਾਣਾ ਪਰਵੀਨ ਉਜਾਗਰ ਹੋ ਉਠਦਾ ਜੀਹਦੀਆਂ ਗੱਲਾਂ ਹਾਸੇ ਮਖੌਲ ਨਾਲ ਲੱਦੀਆਂ ਤੇ ਗਾਲ੍ਹਾਂ ਨਾਲ ਸ਼ਿੰਗਾਰੀਆਂ ਹੁੰਦੀਆਂ ਸਨ। ਜਿਵੇਂ ਮੇਲਾ ਵੇਖ ਕੇ ਜੱਟਾਂ ਦੇ ਛੇ ਮਹੀਨੇ ਲੰਘ ਜਾਂਦੇ ਹਨ ਉਵੇਂ ਪਰਵੀਨ ਦੀਆਂ ਗੱਲਾਂ ਸੁਣ ਕੇ ਵੀ ਉਹਦੇ ਸਾਥੀ ਛੇ ਮਹੀਨੇ ਖਿੜੇ ਰਹਿੰਦੇ ਹਨ। ਮੈਨੂੰ ਯਾਦ ਆਇਆ ਇਕ ਦਿਨ ਉਹ ਕਹਿ ਰਿਹਾ ਸੀ, "ਕੋਚ ਦਾ ਸਿਰ ਦੇਖ, ਹਵਾਈ ਅੱਡੇ ਅਰਗਾ ਗੰਜਾ!"

ਪਤਲੀਆਂ ਲੱਤਾਂ ਵਾਲੇ 'ਸਮਾਰਟ' ਨੌਜੁਆਨ ਬਾਰੇ ਪਰਵੀਨ ਕੁਮਾਰ ਦਾ ਪ੍ਰਵਚਨ ਸੀ, "ਲੱਤਾਂ ਸਿਗਰਟਾਂ ਅਰਗੀਆਂ ਅਖੇ ਅਸੀਂ ਸਮਾਰਟ ਆਂ। ਪੈਂਟ 'ਚ ਲੱਤਾਂ ਇਓਂ ਲੱਗਦੀਆਂ ਜਿਵੇਂ ਝੋਲੇ 'ਚ ਪੰਪ ਪਾਇਆ ਹੁੰਦਾ! ਗੋਡੇ ਦੇਖ ਜਿਵੇਂ ਰੱਸੇ ਨੂੰ ਗੰਢ ਦਿੱਤੀ ਹੁੰਦੀ ਆ।" ਬਾਅਦ 'ਚ ਪਤਾ ਲੱਗਾ ਕਿ ਉਹ ਸਮਾਰਟ ਨੌਜੁਆਨ ਵਰਿਆਮ ਸੰਧੂ ਸੀ ਜੋ ਜਿਸ ਨੇ ਉੱਚੀਆਂ ਛਾਲਾਂ ਲਾਉਣ ਪਿੱਛੋਂ ਪੰਜਾਬੀ ਕਹਾਣੀ ਦੇ ਆਕਾਸ਼ ਉਤੇ ਛਾਲ ਮਾਰੀ।

ਪਰਵੀਨ ਇਕ ਦਿਨ ਗੁਰਮੁਖ ਸਿੰਘ ਬਾਰੇ ਕਹਿਣ ਲੱਗਾ, "ਮੂੰਹ ਬੋਕ ਅਰਗਾ ਤੇ ਨਾਂ ਗੁਰਮੁਖ ਸਿਓਂ!"

ਇਕ ਛੈਲਾ ਬਾਂਕਾ ਪਰ ਕੱਦ ਦਾ ਨਿੱਕਦਾ ਗਭਰੂ ਉਹਨੂੰ ਕਹਿਣ ਲੱਗਾ, "ਪਰਵੀਨ, ਤੇਰੇ ਨਾਲ ਤੁਰਦਿਆਂ ਮੈਂ ਬਹੁਤ ਛੋਟਾ ਲੱਗਦਾਂ। ਮੇਰੀ ਬੇਇਜ਼ਤੀ ਹੁੰਦੀ ਆ।"

ਪਰਵੀਨ ਨੇ ਪੁੱਛਿਆ, "ਹੋਰਨਾਂ ਨਾਲ ਤੁਰਦਿਆਂ ਤੈਨੂੰ 'ਕੱਤੀਆਂ ਤੋਪਾਂ ਦੀ ਸਲਾਮੀ ਮਿਲਦੀ ਆ?"

ਕਿਸੇ ਦੋਸਤ ਨੇ ਕਿਹਾ, "ਚੱਲ ਪਰਵੀਨ, ਹਿੱਲ ਸਟੇਸ਼ਨ 'ਤੇ ਚੱਲੀਏ।"

ਜਵਾਬ ਮਿਲਿਆ, "ਓਥੇ ਸਰਕਸ ਲੱਗੀ ਆ?"

ਇਕ ਦਿਨ ਡਿਸਕਸ ਸੁੱਟਦਿਆਂ ਆਖਣ ਲੱਗਾ, "ਜੇ ਪੰਜਾਹ ਮੀਟਰ ਨਾ ਗਈ ਤਾਂ ਬੇਸ਼ਕ ਮੇਰੀਆਂ ਲੱਤਾਂ ਚਾਰ-ਚਾਰ ਇੰਚ ਛਾਂਗ ਦਿਓ।"

ਪਟਿਆਲੇ ਕੈਂਪ ਵਿਚ ਦੱਖਣੀ ਭਾਰਤ ਦਾ ਅਥਲੀਟ ਬੀਡੂ ਸੀ। ਉਹਦਾ ਕੱਦ ਪੰਜ ਕੁ ਫੁੱਟ ਸੀ। ਇਕ ਰਾਤ ਮੀਂਹ ਪਿਆ ਤੇ ਠੰਢ ਹੋ ਗਈ। ਪਰਵੀਨ ਕਹਿਣ ਲੱਗਾ, "ਲੈ ਓਏ ਬੀਡੂ, ਤੂੰ ਮੇਰਾ ਝੱਗਾ ਆਪਣੇ ਉਤੇ ਲੈ ਲੈ ਤੇ ਆਵਦਾ ਖੇਸ ਮੈਨੂੰ ਦੇ ਦੇ। ਦੋਹੇਂ ਪਾਲੇ ਤੋਂ ਬਚੇ ਰਹਾਂਗੇ!"

ਫਿਲਮਾਂ 'ਚ ਜਾਣ ਦੀ ਰੀਝ ਉਹਦੀ ਚਿਰੋਕਣੀ ਸੀ। ਪਟਿਆਲੇ ਕੈਂਪ ਵਿਚ ਉਹ ਰੇਡੀਓ ਦੇ ਗਾਣੇ ਨਾਲ ਨੱਚਦਾ ਹੁੰਦਾ ਸੀ। ਛੜਾ ਛਾਂਟ ਸੀ। ਜਦੋਂ ਕਮਰੇ 'ਚ 'ਕੱਲਾ ਹੁੰਦਾ ਤਾਂ ਕੰਨਾਂ ਕੋਲ ਦੀ ਮੋਰਚੇ ਲਿਫਾ ਕੇ ਤੇ ਮੋਢੇ ਹਿਲਾ ਕੇ ਨੱਚਦਾ ਸੀ। ਉਹਦਾ ਲੱਕ ਹਿਲਦਾ ਇਓਂ ਲੱਗਦਾ ਜਿਵੇਂ ਬੋਰੀ ਹਿਲਦੀ ਹੋਵੇ!

1973 'ਚ ਉਹਦਾ ਵਿਆਹ ਹੋਇਆ। ਭਲੀ ਸੁਆਣੀ ਮਿਲੀ ਜੋ ਰੋਟੀਆਂ ਲਾਹੁੰਦੀ ਨਾ ਥਕਦੀ। ਬੱਚੀ ਪੈਦਾ ਹੋਈ ਜੋ ਤੋਤਲੀਆਂ ਗੱਲਾਂ ਹਿੰਦੀ 'ਚ ਕਰਦੀ। ਮੈਂ ਹੈਰਾਨ ਕਿ ਸਰਹਾਲੀ ਦੇ ਪਰਵੀਨ ਦੀ ਬੱਚੀ ਹਿੰਦੀ ਬੋਲੇ! ਪਰ ਇਹ 'ਕੱਲੇ ਪਰਵੀਨ ਦੀ ਗੱਲ ਥੋੜ੍ਹੋ ਐ। ਪੰਜਾਬ ਦੇ ਬਥੇਰੇ ਪੜ੍ਹੇ ਲਿਖਿਆਂ ਦਾ ਆਵਾ ਊਤਿਆ ਫਿਰਦੈ। ਗੱਲਾਂ ਬਾਤਾਂ 'ਚ ਪਤਾ ਲੱਗਾ ਕਿ ਪਰਵੀਨ ਨੂੰ ਖਿਡਾਰੀ ਬਣਨ ਦੀ ਖ਼ਾਸ ਖ਼ੁਸ਼ੀ ਨਹੀਂ। ਕਹਿਣ ਲੱਗਾ, "ਏਥੇ ਕੋਈ ਮਰੀਅਲ ਜਿਹਾ ਐਕਟਰ ਆ ਜਾਵੇ ਤਾਂ ਭੀੜ ਅੱਥਰੂ ਗੈਸ ਛੱਡਣ ਆਲੀ ਹੋ ਜਾਂਦੀ ਆ ਪਰ ਸਾਨੂੰ ਏਸ਼ੀਆ ਦੇ ਚੈਂਪੀਅਨਾਂ ਨੂੰ ਕੋਈ ਟੈਂਪੂ 'ਤੇ ਵੀ ਨੀ ਚੜ੍ਹਾਉਂਦਾ! ਏਥੇ ਤਾਂ ਖਿਡਾਰੀਆਂ ਦੇ ਹੱਡ ਵੇਚਣ ਵਾਲੀ ਗੱਲ ਆ।"

ਮੈਂ ਬਦੇਸ਼ਾਂ ਦਾ ਅਨੁਭਵ ਪੁੱਛਿਆ ਤਾਂ ਉਹਨੇ ਕਿਹਾ, "ਬਾਹਰ ਦੇ ਲੋਕ ਬੜੇ ਮਿਲਣਸਾਰ ਆ। ਰਾਹ ਜਾਂਦਿਆਂ ਨੂੰ ਮੇਮਾਂ ਵਿਸ਼ ਕਰਦੀਆਂ। ਸੋਹਣੀਆਂ ਵੀ ਬੜੀਆਂ ਹੁੰਦੀਆਂ। ਬਾਹਰ ਦੇ ਅਥਲੀਟਾਂ ਦਾ ਬਰੇਕ ਫਾਸਟ ਈ ਸਾਡੇ ਸਾਰੇ ਦਿਨ ਦੀ ਖੁਰਾਕ ਜਿੰਨਾ। ਆਪਣੇ ਜਿਵੇਂ ਸਿਨਮਿਆਂ 'ਚ ਰਸ਼ ਹੁੰਦਾ ਓਥੇ ਸਟੇਡੀਅਮ ਭਰੇ ਹੁੰਦੇ ਆ। ਪਾਕਿਸਤਾਨੀ ਮਿਲ ਜਾਣ ਤਾਂ ਬੜਾ ਪਿਆਰ ਕਰਦੇ ਆ। ਲਾਹੌਰੀਏ-ਅੰਬਰਸਰੀਏ ਇਕੋ ਜਹੇ ਜੁ ਹੋਏ। ਐਥੇ ਮੈਂ ਮੋਟੇ ਬੰਦਿਆਂ 'ਚ ਗਿਣਿਆ ਜਾਨਾਂ, ਬਾਹਰ ਆਮ ਵਰਗਿਆਂ 'ਚ ਆਂ। ਰੂਸ ਦਾ ਹੈਵੀ ਵੇਟ ਲਿਫਟਰ ਅਲੈਕਸੀਏਵ ਇੰਡੀਆ ਆ ਜਾਵੇ ਤਾਂ ਆਪਣੇ ਬੇਲੀ ਮਖੌਲ ਕਰਨੋਂ ਈ ਨਾ ਹੱਟਣ। ਉਹ ਦੋ ਕੁਇੰਟਲ ਤੋਂ ਉਤੇ ਜੁ ਹੋਇਆ। ਮੇਰਾ ਕੱਦ ਦੇਖ ਕੇ ਇਕ ਗੋਰਾ ਕਹਿਣ ਲੱਗਾ, ਤੂੰ ਇੰਡੀਅਨ ਨੀ ਲੱਗਦਾ। ਮੈਂ ਆਖਿਆ, ਤੂੰ ਮਦਰਾਸ ਅੱਲ ਦੇ ਦੇਖੇ ਹੋਣੇ ਆਂ, ਪੰਜਾਬ 'ਚ ਬਥੇਰੇ ਕੱਦਾਵਰ ਨੇ। ਜੇ ਮੈਂ ਬਾਹਰ ਜੰਮਦਾ ਤਾਂ ਹੋਰ ਵੀ ਤਕੜਾ ਅਥਲੀਟ ਬਣਦਾ। ਬਾਹਰ ਨੈੱਕ ਟੂ ਨੈੱਕ ਕੰਪੀਟੀਸ਼ਨ ਆਂ, ਏਥੇ ਬਾਰਾਂ ਸਾਲ ਕੋਈ ਮੇਰੇ ਲਾਗੇ ਨੀ ਲੱਗਿਆ।"

ਪਰਵੀਨ ਦਾ ਰੰਗ ਪੱਕਾ ਕਣਕਵੰਨਾ ਹੈ। ਬੁੱਲ੍ਹ ਮੋਟੇ ਹਨ, ਸਿਹਲੀਆਂ ਸੰਘਣੀਆਂ ਤੇ ਕੱਦ ਦੇ ਲਿਹਾਜ ਮੱਥਾ ਛੋਟਾ ਲੱਗਦਾ ਹੈ। ਖੱਬੀ ਸਿਹਲੀ 'ਤੇ ਚੱਟਾਕ ਹੈ, ਸੱਜੇ ਪੱਟ 'ਤੇ ਮੋਰਨੀ ਤੇ ਖੱਬੇ ਡੌਲੇ 'ਤੇ ਲਾਟੂਆਂ ਜਿੱਡੇ ਲੋਦਿਆਂ ਦੇ ਦਾਗ਼ ਹਨ। ਉਹ ਜਦੋਂ ਹੱਸਦਾ ਹੈ ਤਾਂ ਵੇਖਣ ਵਾਲੇ ਦਾ ਆਮੁਹਾਰੇ ਹਾਸਾ ਨਿਕਲ ਜਾਂਦਾ ਹੈ। ਇਕ ਵਾਰ ਰੇਲ ਗੱਡੀ 'ਚ ਉਹਨੂੰ ਮੁਸਕ੍ਰਾਉਂਦੇ ਨੂੰ ਵੇਖ ਕੇ ਇਕ ਚਾਰ ਪੰਜ ਸਾਲ ਦਾ ਬੱਚਾ ਹੱਸਣ ਲੱਗ ਪਿਆ। ਪਰ ਜਦੋਂ ਪਰਵੀਨ ਖੁੱਲ੍ਹ ਕੇ ਹੱਸਿਆ ਤਾਂ ਬੱਚੇ ਦਾ ਹਾਸਾ ਕਾਫ਼ੂਰ ਹੋ ਗਿਆ ਤੇ ਉਹ ਉੱਚੀ-ਉੱਚੀ ਡਾਡਾਂ ਮਾਰਨ ਲੱਗਾ।

ਉਹ ਸਿਨਮਾ ਵੇਖਦਾ ਹੈ ਤਾਂ ਪਿਛਲੀਆਂ ਕਤਾਰਾਂ ਵਾਲੇ 'ਪਲੀਜ਼' 'ਪਲੀਜ਼' ਕਰਦੇ ਰਹਿੰਦੇ ਹਨ। ਇਕ ਦਰਸ਼ਕ ਨੇ ਕਿਹਾ, "ਭਾਅ ਜੀ, ਰਤਾ ਧੌਣ ਥੱਲੇ ਨੂੰ ਕਰਿਓ।"

ਪਰਵੀਨ ਨੇ ਜਵਾਬ ਦਿੱਤਾ, "ਇਹ ਅਸਲੀ ਆ, ਨਕਲੀ ਨਹੀਂ।"

ਇਕ ਦਿਨ ਕਹਿਣ ਲੱਗਾ, "ਹੁਣ ਤਾਂ ਯਾਰ ਰਿਕਸ਼ਿਆਂ ਆਲੇ ਵੀ ਨੀ ਚੜ੍ਹਾਉਂਦੇ। ਦੁੱਗਣੇ ਪੈਸੇ ਮੰਗਦੇ ਆ। ਬਜ਼ਾਰ ਜਾਈਏ ਤਾਂ ਲਾਲੇ ਤਕੜੀਆਂ ਛੱਡ ਕੇ ਹੱਟੀਆਂ 'ਚੋਂ ਨਿਕਲ-ਨਿਕਲ ਵੇਂਹਦੇ ਆ। ਉੱਚੇ ਕੱਦ ਦਾ ਫ਼ੈਦਾ ਵੀ ਆ ਤੇ ਨੁਕਸਾਨ ਵੀ।"

ਜਦੋਂ ਉਹ ਪਿੰਡ ਰਹਿੰਦਾ ਸੀ ਤਾਂ ਉਹਦਾ ਚੰਗੇ ਤੋਂ ਚੰਗੇ ਤੇ ਮਾੜੇ ਤੋਂ ਮਾੜੇ ਸਭਨਾਂ ਨਾਲ ਬਹਿਣ ਖਲੋਣ ਸੀ। ਪਿੰਡ ਦੇ ਅੰਨ੍ਹੇ ਉਹਦੀ ਚਾਲ ਦੀ ਧਮਕ ਤੋਂ ਹੀ ਉਹਨੂੰ ਸਿਆਣ ਜਾਂਦੇ ਸਨ ਤੇ ਟੋਹ ਕੇ ਦੱਸ ਦਿੰਦੇ ਸਨ ਕਿ ਪਹਿਲਾਂ ਨਾਲੋਂ ਲਿੱਸਾ ਹੈ ਜਾਂ ਤਕੜਾ। ਪਿੰਡ ਵਿਚ ਉਹਦੀ ਰੀਸੇ ਕਈ ਬੱਚਿਆਂ ਦਾ ਨਾਂ ਪਰਵੀਨ ਰੱਖਿਆ ਗਿਆ। ਜਦੋਂ ਉਹ ਨਵਾਂ-ਨਵਾਂ ਖੇਡਾਂ ਵੱਲ ਆਇਆ ਸੀ ਤਾਂ ਮੈਂ ਪੁੱਛਿਆ ਸੀ, "ਖੇਡ ਪੱਤਰਕਾਰਾਂ ਬਾਰੇ ਕੀ ਖ਼ਿਆਲ ਐ?"

ਉਹਨੇ ਸੋਚ ਕੇ ਜਵਾਬ ਦਿੱਤਾ ਸੀ, "ਖ਼ਿਆਲ ਤਾਂ ਮੇਰਾ ਕੋਈ ਨੀ। ਪਰ ਇਕ ਗੱਲ ਆ। ਪਿੱਛੇ ਜਿਹੇ ਇਕ ਅਖ਼ਬਾਰ ਆਲੇ ਨੇ ਲਿਖਤਾ ਪਈ ਗੌਰਮਿੰਟ ਨੇ ਮੈਨੂੰ ਟਰੈਕ ਸੂਟ ਦਿੱਤਾ। ਜਦ ਕਿ ਟਰੈਕ ਸੂਟ ਮੈਨੂੰ ਕਿਸੇ ਕੁੜੀ ਦੇ ਯਾਰ ਨੇ ਨੀ ਦਿੱਤਾ। ਉਹ ਮੈਂ ਆਪ ਖਰੀਦਿਆ।"

ਉਹ ਅਮਰੀਕਾ ਗਿਆ ਤਾਂ ਉਥੇ ਓਦਰ ਗਿਆ। ਆਥਣ ਨੂੰ ਉਦਾਸ ਹੋ ਜਾਵੇ। ਉਹਦਾ ਪੰਜਾਬੀ 'ਚ ਘਰੇਲੂ ਗੱਲਾਂ ਕਰਨ ਨੂੰ ਜੀਅ ਕਰੇ ਪਰ ਘਰ ਦਾ ਕੋਈ ਬੰਦਾ ਨਾ ਮਿਲੇ। ਅਚਾਨਕ ਇਕ ਨੌਜੁਆਨ ਨੇ ਸਤਿ ਸ੍ਰੀ ਅਕਾਲ ਬੁਲਾਈ ਤੇ ਪੁੱਛਿਆ, "ਮੈਨੂੰ ਸਿਆਣਿਆਂ?"

ਪਰਵੀਨ ਨੇ ਧਾਹ ਕੇ ਜੱਫੀ ਪਾ ਲਈ ਤੇ ਕਿਹਾ, "ਬੇਲੀਆ ਸਿਆਣਿਆਂ ਭਾਵੇਂ ਨਹੀਂ, ਪਰ ਹੁਣ ਤੂੰ ਮੇਰੀ ਜੱਫੀ 'ਚੋਂ ਨਿਕਲ ਨੀਂ ਸਕਦਾ।" ਤੇ ਉਹ ਏਨੇ ਚਾਂਭਲੇ ਕਿ ਸਣੇ ਕਪੜੀਂ ਪੂਲ 'ਚ ਇਕ ਦੂਜੇ ਦੇ ਗੋਤੇ ਲੁਆਉਂਦੇ ਰਹੇ।

ਮੈਂ ਜਿੰਨੇ ਵਾਰ ਵੀ ਇਸ ਰੰਗੀਲੇ ਖਿਡਾਰੀ ਨੂੰ ਮਿਲਿਆਂ, ਚਿੱਤ ਬੇਹੱਦ ਖ਼ੁਸ਼ ਹੋਇਆ। ਅੰਦਰੋਂ ਬਾਹਰੋਂ ਖਰਾ, ਹਸਮੁੱਖ, ਮਖੌਲੀਆ ਤੇ ਮਿਲਣਸਾਰ। ਖ਼ੁਦ ਤਕੜਾ ਹੋਣ ਕਰਕੇ ਉਹਨੂੰ ਬਾਕੀ ਕਮਜ਼ੋਰ ਦਿਸਦੇ ਹਨ। ਕਹਿੰਦਾ ਰਹਿੰਦਾ ਹੈ, "ਰੱਬ ਮੈਨੂੰ ਏਨਾ ਦੇਵੇ ਕਿ ਮੈਂ ਗਰੀਬ ਗੁਰਬੇ ਦੀ ਮਦਦ ਕਰ ਸਕਾਂ।"

1966 ਦੀ ਪਹਿਲੀ ਮੁਲਾਕਾਤ ਵਿਚ ਉਸ ਨੇ ਕਿਹਾ ਸੀ, "ਦਾਤਾ ਮਿਹਰਾਂ ਰੱਖੇ। ਭਾਵੇਂ ਮੇਰੀਆਂ ਬਾਂਹਾਂ ਹੈਮਰ ਦੇ ਨਾਲ ਈ ਨਿਕਲ ਜਾਣ ਪਰ ਹੈਮਰ ਢਾਈ ਸੌ ਫੁੱਟ ਚਲਿਆ ਜਾਵੇ! ਮੈਂ ਤਕਾਲਾਂ ਦੀ ਰੋਟੀ ਛੱਡ ਸਕਦਾਂ ਪਰ ਪ੍ਰੈਕਟਿਸ ਨ੍ਹੀਂ। ਤੜਕੇ ਚਾਰ ਵਜੇ ਤੋਂ ਪਿੱਛੋਂ ਸੌਣਾ ਹੁਣ ਮੇਰੇ ਲਈ ਹਰਾਮ ਆ। ਜਿਦੇਂ ਮੈਂ ਦੁਨੀਆ ਜਿੱਤੀ, ਅੰਬਰਸਰ ਸੁੱਖਣਾ ਦੇਵਾਂਗਾ।"

ਉਹ ਦੁਨੀਆ ਤਾਂ ਨਹੀਂ ਜਿੱਤ ਸਕਿਆ ਪਰ ਲੱਖਾਂ ਲੋਕਾਂ ਦੇ ਦਿਲ ਜਿੱਤੀ ਬੈਠਾ ਹੈ। ਸਰਹਾਲੀ, ਜਲੰਧਰ ਤੇ ਮੁੰਬਈ ਹੁੰਦਾ ਹੋਇਆ ਅੱਜ-ਕੱਲ੍ਹ ਦਿੱਲੀ ਰਹਿੰਦਾ ਹੈ ਪਰ ਉਹਦਾ ਹਾਸਾ ਠੱਠਾ ਅਜੇ ਵੀ ਸਰਹਾਲੀ ਵਾਲਾ ਹੀ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਤਕਨਾਲੋਜੀ ਦੀ ਜ਼ਿੰਦਗੀ ਵਿੱਚ, ਬਸੰਤ ਸਾਡੇ ਨਾਲ ਰੁੱਸ ਗਈ ਹੈ !



ਬਦਲਦੀ ਤਕਨਾਲੋਜੀ ਦੇ ਵਿਗਿਆਨ ਦੇ ਰਹੱਸ ਨਾਲ ਭਰੀ ਇਸ ਸਦੀ ਦੇ ਇਨ੍ਹਾਂ ਦਿਨਾਂ ਵਿੱਚ ਸਭ ਕੁਝ ਬਦਲ ਗਿਆ ਜਾਪਦਾ ਹੈ। ਜੋ ਬਚਿਆ ਹੈ ਉਹ ਅਜੇ ਵੀ ਤਬਦੀਲੀ ਦੀ ਕਗਾਰ 'ਤੇ ਹੈ. ਜ਼ਿੰਦਗੀ ਦੀਆਂ ਸਾਰੀਆਂ ਊਣਤਾਈਆਂ 'ਚੋਂ ਲੰਘਦਿਆਂ, ਪ੍ਰਗਟਾਵੇ ਦੀ ਪੀੜ ਦਾ ਸਾਹਮਣਾ ਕਰਦੇ ਹੋਏ, ਜ਼ਿੰਦਗੀ ਨਾਲ ਲੜ ਰਹੇ ਆਮ ਆਦਮੀ ਦੀ ਦੁਨੀਆ ਬਹੁਤ ਬਦਲ ਗਈ ਹੈ। ਤਕਨੀਕੀ ਸੰਚਾਰ ਤਕਨਾਲੋਜੀ ਅਤੇ ਇੰਟਰਨੈਟ ਦੇ ਨੈਟਵਰਕ ਨੇ ਸੰਸਾਰ ਦੀ ਸਥਿਤੀ, ਦਿਸ਼ਾ, ਰਵੱਈਏ ਅਤੇ ਮਨੋਵਿਗਿਆਨ ਨੂੰ ਬਦਲ ਦਿੱਤਾ ਹੈ. ਅੱਜ ਕੱਲ੍ਹ ਸਾਡੇ ਪਿੰਡ ਸ਼ਹਿਰਾਂ ਵਿੱਚ ਅਤੇ ਸ਼ਹਿਰ ਭੀੜ ਵਿੱਚ ਬਦਲਦੇ ਜਾ ਰਹੇ ਹਨ। ਇਹ ਅਜੋਕੇ ਜੀਵਨ ਦਾ ਬਾਕੀ ਬਚਿਆ ਸੱਚ ਹੈ ਅਤੇ ਜੀਵਨ ਜਿਉਣ ਲਈ ਥੱਕੇ ਹੋਏ ਮਨੁੱਖ ਦਾ ਰਵੱਈਆ ਅਤੇ ਚਿਹਰਾ ਹੈ।

ਬਦਲਦੇ ਵਾਤਾਵਰਨ ਕਾਰਨ ਜਿਸ ਤਰ੍ਹਾਂ ਦੀਆਂ ਮੌਸਮੀ ਤਬਦੀਲੀਆਂ ਅਤੇ ਹਾਲਾਤ ਸਾਡੇ ਜੀਵਨ ਨੂੰ ਪ੍ਰਭਾਵਿਤ ਕਰਨ ਲੱਗ ਪਏ ਹਨ। ਕੁਝ ਸਾਲ ਪਹਿਲਾਂ ਤੱਕ ਅਜਿਹਾ ਨਹੀਂ ਸੀ। ਇੱਕ ਸਾਦਾ ਜੀਵਨ ਨਿਰਵਿਘਨ ਨਦੀ ਦੇ ਪਾਣੀ ਵਾਂਗ ਚਲਦਾ ਸੀ, ਪਰ ਹੁਣ ਵਿ-ਗਆਨ, ਖਪਤਕਾਰ ਅਤੇ ਤਕਨਾਲੋਜੀ ਸੰਚਾਰ ਦੀਆਂ ਨਵੀਆਂ ਚਮਕਦਾਰ ਸੰਵੇਦਨਾਵਾਂ ਉੱਤੇ ਹਾਵੀ ਹੋ ਗਈ ਹੈ। ਸਾਡੇ ਖਾਣ-ਪੀਣ, ਵਿਹਾਰ, ਆਚਰਣ, ਪਹਿਰਾਵਾ ਸਭ ਕੁਝ ਬਦਲ ਗਿਆ ਹੈ। ਸਾਡਾ ਮੌਸਮ ਵੀ ਏਨਾ ਜੰਗਲੀ ਹੋ ਗਿਆ ਹੈ ਕਿ ਹੁਣ ਪੰਛੀ ਵੀ ਪਛਾਣਨ ਤੋਂ ਬਚ ਰਹੇ ਹਨ। ਸਾਡੇ ਘਰਾਂ ਦੀਆਂ ਛੱਤਾਂ ਖਾਲੀ ਹਨ ਅਤੇ ਵਿਹੜੇ ਇਕੱਲੇ ਉਦਾਸ ਸੋਗ ਦੇ ਗੀਤਾਂ ਨਾਲ ਭਰੇ ਹੋਏ ਹਨ।

ਇਨ੍ਹੀਂ ਦਿਨੀਂ ਬਸੰਤ ਦੀ ਇਸ ਰੁੱਤ ਵਿੱਚ ਬਸੰਤ ਸ਼ਾਇਦ ਸਾਡੇ ਨਾਲ ਰੁੱਸ ਗਈ ਹੈ ਬਸੰਤ 'ਤੇ ਸਾਹਿਤ ਦੇ ਕਿੰਨੇ ਰੂਪ ਪ੍ਰਗਟ ਹੁੰਦੇ ਹਨ? ਖਾਸ ਕਰਕੇ ਹਿੰਦੀ ਸਾਹਿਤ ਵਿੱਚ ਨਾਗਾਰਜੁਨ, ਨਿਰਾਲਾ, ਪੰਤ ਅਤੇ ਕੇਦਾਰਨਾਥ ਅਗਰਵਾਲ ਦੀਆਂ ਕਵਿਤਾਵਾਂ ਵਿੱਚ ਬਸੰਤ ਦੀ ਮਹਿਮਾ ਉਨ੍ਹਾਂ ਨੂੰ ਪੜ੍ਹ ਕੇ ਹੀ ਮਹਿਸੂਸ ਕੀਤੀ ਜਾ ਸਕਦੀ ਹੈ, ਪਰ ਹੁਣ ਧਰਤੀ ਦੇ ਰੁੜ੍ਹਦੇ ਬਸੰਤ ਦਾ ਸਾਹ-ਮਣਾ ਕਿਵੇਂ ਕਰਨਾ ਹੈ।

ਤਕਨੀਕੀ ਵਰਚੁਅਲ ਸੰਸਾਰ ਵਿੱਚ, ਸਭ ਕੁਝ ਟੈਲੀਵਿਜ਼ਨ ਜਾਂ ਮੋਬਾਈਲ ਦੀ ਸਕਰੀਨ ਤੱਕ ਘਟਾ ਦਿੱਤਾ ਗਿਆ ਹੈ. ਇੰਜ ਜਾਪਦਾ ਹੈ ਜਿਵੇਂ ਭਵਿੱਖ ਵਿੱਚ ਮੌਸਮ ਸ਼ਾਇਦ ਟੈਲੀਵਿਜ਼ਨ ਸਕਰੀਨਾਂ 'ਤੇ ਰੰਗਾਂ ਵਿੱਚ ਹੀ ਚੰਗਾ ਦਿਖਾਈ ਦੇਵੇਗਾ, ਪਰ ਜ਼ਿੰਦਗੀ ਬੇਰੰਗ ਅਤੇ ਇਕਸਾਰ ਹੋ ਜਾਵੇਗੀ, ਕਿਉਂਕਿ ਇਹ ਦੇਖਣ ਦਾ ਇੱਕ ਪਲ ਹੈ। ਜਦੋਂ ਕਿ ਧਰਤੀ 'ਤੇ ਬਸੰਤ ਦੇ ਉਤਰਨ ਦਾ ਅਹਿਸ-ਾਸ ਜ਼ਿੰਦਗੀ ਨੂੰ ਮਹਿਕ ਨਾਲ ਭਰ ਦਿੰਦਾ ਹੈ।

ਹੁਣ ਇਸ ਤਰ੍ਹਾਂ ਦੀ ਹਵਾ ਦੀ ਉਡੀਕ ਕੌਣ ਕਰੇਗਾ? ਹੁਣ ਹਰ ਚੀਜ਼ ਵਰਚੁਅਲ ਦੁਨੀਆ ਦੀ ਦੁਨੀਆ ਬਣ ਚੁੱਕੀ ਹੈ ਅਤੇ ਇਹ ਨਿਰਾਸ਼ਾ ਅਤੇ ਉਦਾਸੀ ਨਾਲ ਭਰੀ ਹੋਈ ਹੈ ਕਿ ਮੋਬਾਈਲ ਬੰਦ ਹੁੰਦੇ ਹੀ ਇਸ ਵਰਚੁਅਲ ਦੁਨੀਆ ਦਾ ਭਰਮ ਅਤੇ ਭਰਮ ਖਤਮ ਹੋ ਜਾਂਦਾ ਹੈ। ਜਦੋਂ ਕਿ ਬਸੰਤ ਦੀ ਹਨੇਰੀ ਦੇ ਨਾਲ-ਨਾਲ ਕੁਦਰਤ ਦੀ ਬਹਾਰ ਮਨੁੱਖ ਨੂੰ ਤਰੋਤਾਜ਼ਾ ਕਰਦੀ ਹੈ ਅਤੇ ਜ਼ਿੰਦਗੀ ਜਿਊਣ ਦਾ ਨਵਾਂ ਦ੍ਰਿਸ਼ਟੀਕੋਣ ਦਿੰਦੀ ਹੈ।

ਬਸੰਤ ਨੂੰ ਕਦੇ ਕੁਦਰਤ ਅਤੇ ਰੁੱਤਾਂ ਦਾ ਰਾਜਾ ਮੰਨਿਆ ਜਾਂਦਾ ਸੀ। ਨਿੱਘੀ ਧੁੱਪ, ਬਦਲਦੇ ਮੌਸਮ ਅਤੇ ਖੁਸ਼ਬੂ ਨਾਲ ਭਰੀ ਤਾਜ਼ੀ ਹਵਾ ਨੂੰ ਕੀ ਨਾਂ ਦੇਈਏ! ਸਾਡੀ ਨਵੀਂ ਪੀੜ੍ਹੀ, ਜੋ ਕਦੇ ਕਮਰਿਆਂ ਤੋਂ ਬਾਹਰ ਨਹੀਂ ਨਿਕਲਦੀ, ਇਸ ਹਵਾ ਦੀ ਮਹਿਕ ਨੂੰ ਕਿਵੇਂ ਪ੍ਰਤੀਕਿਰਿਆ ਕਰੇਗੀ! ਲੱਗਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਜ਼ਿੰਦਗੀ ਵਰਚੁਅਲ ਜਾਂ ਸਿਰਫ਼ ਸਕਰੀਨ ਲਾਈਫ਼ ਬਣ ਜਾਵੇਗੀ।

ਅਸੀਂ ਕਲਪਨਾ ਕਰ ਸਕਦੇ ਹਾਂ ਕਿ ਬਦਲਦੇ ਮਨੋਵਿਗਿਆਨ ਵਿੱਚ ਅਸੀਂ ਭਵਿੱਖ ਲਈ ਕਿੰਨੀਆਂ ਸਮੱਸਿਆਵਾਂ ਅਤੇ ਕਿਹੋ ਜਿਹੀ ਦੌੜ ਛੱਡਣ ਜਾ ਰਹੇ ਹਾਂ। ਇਹ ਸੱਚ ਹੈ ਕਿ ਅੱਜ ਵਿਗਿਆਨ ਦੀ ਦੁਨੀਆਂ ਵਿੱਚ ਤਕਨਾਲੋਜੀ ਤੋਂ ਬਿਨਾਂ ਕੁਝ ਵੀ ਨਹੀਂ ਚੱਲ ਸਕਦਾ ਅਤੇ ਨਵੀਂ ਦੁਨੀਆਂ ਲਈ ਇਹ ਬਹੁਤ ਜ਼ਰੂਰੀ ਹੈ। ਪਰ ਸਾਹਿਤ ਅਤੇ ਸ਼ਬਦਾਂ ਦੀ ਦੁਨੀਆਂ ਵਿੱਚ ਧਰਤੀ 'ਤੇ ਆਈ ਬਸੰਤ ਦੇ ਜਾਦੂ ਨੂੰ ਮਹਿਸੂਸ ਕਰਨ ਦੀ ਲੋੜ ਹੈ। ਹਵਾ ਤੁਹਾਨੂੰ ਛੂਹ ਲਵੇਗੀ ਅਤੇ ਤੁਹਾਡੀ ਨਵੀਂ ਜ਼ਿੰਦਗੀ ਨੂੰ ਖੁਸ਼ਬੂ ਨਾਲ ਭਰ ਦੇਵੇਗੀ। ਤੁਹਾਡੀਆਂ ਇੰਦਰੀਆਂ ਅਤੇ ਮਨ ਪ੍ਰਫੁੱਲਤ ਹੋਣਗੇ ਅਤੇ ਤੁਹਾਨੂੰ ਇੱਕ ਨਵੀਂ ਦੁਨੀਆਂ ਵਿੱਚ ਲੈ ਜਾਣਗੇ ਅਤੇ ਉਹ ਸੰਸਾਰ ਤਾਜ਼ਗੀ ਅਤੇ ਨਵੀਂ ਸੋਚ ਦਾ ਸੰਸਾਰ ਹੋਵੇਗਾ। ਪਰ ਇਹ ਸਭ ਕੁਝ ਵਰਚੁਅਲ ਸੰਸਾਰ ਵਿੱਚ ਬਿਲਕੁਲ ਅਸੰਭਵ ਹੈ।

ਵਰਚੁਅਲ ਸੰਸਾਰ ਨੂੰ ਸੀਮਤ ਕਰਨ ਲਈ ਅਜੇ ਵੀ ਸਮਾਂ ਹੈ ਜਿੱਥੋਂ ਤੱਕ ਤਕਨਾਲੋਜੀ ਦਾ ਇਸ ਨਾਲ ਕੀ ਸਬੰਧ ਹੈ. ਸਾਡੇ ਸ਼ਬਦ ਅੱਜਕੱਲ੍ਹ ਬਹੁਤ ਉਦਾਸ ਹਨ ਅਤੇ ਹਵਾ ਸਾਹ ਲੈਣ ਦੇ ਯੋਗ ਨਹੀਂ ਹੈ. ਜਦੋਂ ਅਸੀਂ ਆਪਣੇ ਜਲ, ਜੰਗਲ ਅਤੇ ਜ਼ਮੀਨ ਨੂੰ ਤਬਾਹ ਕਰ ਦਿੱਤਾ ਹੈ। ਪਰ ਬਸੰਤ ਆ ਗਈ ਹੈ. ਹੁਣ ਨਵਾਂ ਜੀਵਨ ਸ਼ੁਰੂ ਕਰਨ ਦਾ ਸਮਾਂ ਹੈ।

ਟੈਕਨਾਲੋਜੀ ਦੀ ਜ਼ਿੰਦਗੀ ਦੇ ਨਾਲ-ਨਾਲ ਵਰਚੁਅਲ ਦੁਨੀਆ ਨੂੰ ਵੀ ਜਿੱਥੋਂ ਤੱਕ ਦੇਖਣ ਦੀ ਲੋੜ ਹੈ। ਆਪਣੇ ਵਿਰਸੇ ਅਤੇ ਲਫ਼ਜ਼ਾਂ ਦੀ ਤਰੰਗ ਵਿਚ ਨਵੀਂ ਹਵਾ ਨਾਲ ਨਵੀਂ ਜ਼ਿੰਦਗੀ ਦੀ ਸਿਰਜਣਾ ਕਰਦਿਆਂ ਬਸੰਤ ਰੁੱਤ ਦਾ ਨਵੇਂ ਸਿਰਜਣਾ ਨਾਲ ਨਵੇਂ ਅਰਥਾਂ ਵਿਚ ਸੁਆਗਤ ਕਰਨ ਦੀ ਲੋੜ ਹੈ ਕਿਉਂਕਿ ਜ਼ਿੰਦਗੀ ਦੀ ਨਵੀਂ ਹਵਾ ਇਨ੍ਹਾਂ ਰੁੱਤਾਂ ਦੀ ਤਾਜ਼ਗੀ ਨਾਲ ਉੱਡਣ ਦਾ ਰਾਹ ਦਿੰਦੀ ਹੈ। ਕੁਦਰਤ ਦੀ ਮਹਿਕ ਨਾਲ ਭਰੀ ਇਸ ਦੁਨੀਆਂ ਵਿਚ ਆਭਾਸੀ ਸੰਸਾਰ ਦੀ ਤਸਵੀਰ ਦੇਖਣ ਲਈ, ਇਹ ਹੀ ਕਾਫੀ ਹੈ। ਅਸਲ ਸੰਸਾਰ ਕੁਦਰਤ ਅਤੇ ਧਰਤੀ ਦੀ ਗੋਦ ਵਿੱਚ ਹੈ, ਅਸੀਂ ਸ਼ਾਇਦ ਇਹ ਭੁੱਲ ਜਾਵਾਂਗੇ!

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ ਪੰਜਾਬ।*

# ਹੜਤਾਲਾਂ ਦੀਆਂ ਸਮੱਸਿਆ ਤੇ ਸਮਾਧਾਨ

ਭਾਰਤ ਇੱਕ ਲੋਕਤੰਤਰਿਕ ਦੇਸ਼ ਹੈ। ਲੋਕਤੰਤਰ ਇੱਕ ਅਜਿਹੀ ਵਿਵਸਥਾ ਜਿਸ ਵਿੱਚ ਲੋਕਾਂ ਦੁਆਰਾ ਅਤੇ ਲੋਕਾਂ ਲਈ ਚੁਣੀ ਗਈ ਸਰਕਾਰ ਦੇਸ਼ ਦੀ ਵਾਗਡੋਰ ਸੰਭਾਲਦੀ ਹੈ। ਇਹ ਰਾਜਨੀਤੀ ਦਾ ਇੱਕ ਅਜਿਹਾ ਰੂਪ ਹੈ ਜਿਸ ਵਿੱਚ ਲੋਕਾਂ ਦੇ ਹਿੱਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ । ਪਿਛਲੇ ਇੱਕ ਨਿਰੀਖਣ ਦੇ ਅਨੁਸਾਰ 834 ਮਿਲੀਅਨ ਵੋਟਰਾਂ ਨਾਲ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ। ਏਸ਼ੀਆ ਦਾ ਚੌਥਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਵੀ ਭਾਰਤ ਹੀ ਹੈ । ਜਦੋਂ ਭਾਰਤ ਅਜ਼ਾਦ ਹੋਇਆ ਤਾਂ ਧਰਨੇ ਲਾਕੇ, ਡਾਂਗਾ ਸੋਟੇ ਤੇ ਅੱਤਿਆਚਾਰ ਸਹਿੰਦੇ ਹੋਏ ਲੋਕਾਂ ਨੇ ਦੇਸ਼ ਨੂੰ ਅਜ਼ਾਦ ਕਰਵਾਇਆ। ਸਾਡੇ ਅਜ਼ਾਦੀ ਘੁਲਾਟੀਆਂ ਨੇ ਸ਼ੁਕਰ ਮਨਾਇਆ ਸੀ ਕਿ ਚਲੋ ਕਿਸੇ ਜੱਦੋ ਜਹਿਦ ਮਗਰੋਂ ਹੀ ਸਹੀਂ ਆਖਰਕਾਰ ਹੁਣ ਅਸੀਂ ਅਜ਼ਾਦ ਦੇਸ਼ ਦੇ ਵਾਸੀ ਕਹਿਲਾਵਾਂਗੇ, ਸਾਨੂੰ ਅਤੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਆਪਣੇ ਹੱਕਾਂ ਲਈ ਸੜਕਾਂ ਤੇ ਧੱਕੇ ਨਹੀਂ ਖਾਣੇ ਪੈਣਗੇ ਅਤੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਗਰਵ ਨਾਲ ਸਿਰ ਉੱਚਾ ਕਰਕੇ ਜਿਊ ਸਕਣਗੀਆਂ। ਦੇਸ਼ ਦੇ ਸ਼ਾਸਕਾਂ ਉੱਪਰ ਵੀ ਯਕੀਨ ਸੀ ਕਿ ਉਹ ਹਮੇਸ਼ਾ ਲੋਕਾਂ ਦੇ ਹਿੱਤਾਂ ਲਈ ਯਤਨਸ਼ੀਲ ਰਹਿਣਗੇ ਅਤੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਸ਼ਹਾਦਤਾਂ ਵਾਲਿਆਂ ਦੇ ਅੰਸ਼ ਵੰਸ਼ ਅਰਾਮ ਨਾਲ ਜਿੰਦਗੀ ਬਸਰ ਕਰ ਸਕਣਗੇ।

ਪਰ ਜੇਕਰ ਅੱਜ ਦੇ ਹਲਾਤਾਂ ਵੱਲ ਝਾਤ ਮਾਰੀਏ ਤਾਂ ਸਾਡਾ ਦੇਸ਼ ਲੋਕਤੰਤਰੀ ਦੇਸ਼ ਘੱਟ ਤੇ ਤਾਨਾਸ਼ਾਹੀ ਰਾਜ ਜਿਆਦਾ ਲੱਗਦਾ ਹੈ। ਇਹ ਤਾਂ ਭੁੱਲ ਹੀ ਜਾਓ ਕਿ ਭਾਰਤ ਵਿੱਚ ਕਿਸੇ ਵੀ ਵਰਗ ਜਾਂ ਖੇਤਰ ਦੀਆਂ ਮੰਗਾਂ ਮੰਗ ਪੱਤਰ ਸੌਂਪ ਕੇ ਪੂਰੀਆਂ ਹੋ ਸਕਦੀਆਂ ਹਨ । ਹਰ ਵਰਗ ਦੇ ਅਧਿਕਾਰੀਆਂ ਨੂੰ ਸੜਕ ਉੱਤੇ ਧਰਨੇ ਲਾਏ ਬਿਨਾਂ, ਟੈਂਕੀਆਂ ਤੇ ਚੜ੍ਹੇ ਬਿਨਾਂ, ਡਾਂਗਾ ਸੋਟੀਆਂ ਦੀ ਮਾਰ ਝੱਲੇ ਬਿਨਾਂ, ਪਾਣੀ ਦੀਆਂ ਬੁਛਾੜਾਂ ਸਹੇ ਬਿਨਾਂ ਮੰਤਰੀਆਂ ਸਾਹਮਣੇ ਪੇਸ਼ ਨਹੀਂ ਕੀਤਾ ਜਾਂਦਾ। ਪੰਜਾਬ ਦੇ ਬਹੁਤ ਸਾਰੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀ ਅਧਿਆਪਕਾਂ ਤੋਂ ਬਿਨਾਂ ਸਕੂਲਾਂ ਵਿੱਚ ਸਮਾਂ ਬਤੀਤ ਕਰਕੇ ਆ ਜਾਂਦੇ ਹਨ, ਕਿਉਂਕਿ ਉਹਨਾਂ ਦੇ ਅਧਿਆਪਕ ਧਰਨਿਆਂ ਉੱਤੇ ਬੈਠੇ ਹੁੰਦੇ ਹਨ। ਇੱਕ ਦਿਨ ਸਰਕਾਰੀ ਹਸਪਤਾਲ ਗਈ ਤਾਂ ਲੋਕਾਂ ਨੂੰ ਦਰਦਾਂ ਨਾਲ ਤੜਫਦੇ ਵੇਖ ਮੈਂ ਇੱਕ ਅਧਿਕਾਰੀ ਨੂੰ ਪੁੱਛਿਆ ਕਿ ਡਾਕਟਰ ਕਿੱਥੇ ਨੇ, ਮਰੀਜ਼ ਕਿਵੇਂ ਕੁਰਲਾ ਰਹੇ ਹਨ! ਜਵਾਬ ਮਿਲਿਆ ਕਿ ਅੱਜ ਡਾਕਟਰ ਸਾਬ ਨਹੀਂ ਆਉਣਗੇ, ਡਾਕਟਰਾਂ ਦੀ ਹੜਤਾਲ ਚੱਲਦੀ ਹੈ। ਕਿਸਾਨੀ ਧਰਨਿਆਂ ਬਾਰੇ ਕਿਸ ਨੂੰ ਨਹੀਂ ਪਤਾ। ਖੇਤੀਬਾੜੀ, ਸਿਹਤ ਤੇ ਸਿੱਖਿਆ ਤਿੰਨ ਮੁੱਖ ਖੇਤਰ ਤਿੰਨੇ ਹੀ ਆਪਣੇ ਹੱਕਾਂ ਲਈ ਸੜਕਾਂ ਉੱਤੇ ਰੁਲਦੇ ਫਿਰਦੇ ਹਨ।



ਹਰਕੀਰਤ ਕੌਰ
9779118066

ਇਹ ਸਾਡੇ ਦੇਸ਼ ਲਈ ਬਹੁਤ ਮੰਦਭਾਗੀ ਘਟਨਾ ਹੈ ਕਿ ਦੇਸ਼ ਦਾ ਪੜਿਆ ਲਿਖਿਆ ਵਰਗ ਡਾਕਟਰ, ਅਧਿਆਪਕ, ਵਕੀਲ ਆਦਿ ਸਾਰੇ ਹੀ ਉੱਚ ਕੋਟੀ ਦੀ ਸਿੱਖਿਆ ਹਾਸਿਲ ਕਰਕੇ ਆਪਣੇ ਹੀ ਹੱਕਾਂ ਲਈ ਧਰਨੇ ਲਾ ਰਹੇ ਹਨ। ਅਸੀਂ ਕਹਿੰਦੇ ਹਾਂ ਕਿ ਸਾਡੀ ਨੌਜਵਾਨ ਪੀੜੀ ਵਿਦੇਸ਼ਾਂ ਵੱਲ ਕਿਉਂ ਭੱਜ ਰਹੀ ਹੈ, ਇੱਕ ਦਿਨ ਪੜਾਉਂਦੇ ਹੋਏ ਵਿਦਿਆਰਥੀਆਂ ਨੂੰ ਪੁੱਛਿਆ ਕਿ ਬਾਰਵੀਂ ਤੋਂ ਬਾਅਦ ਕੀ ਕਰਨਾ ਹੈ ਤਾਂ ਬਹੁਤਾਤ ਵਿਦਿਆਰਥੀਆਂ ਦਾ ਜਵਾਬ ਸੀ ... " ਜੀ ਆਈਲੈਟਸ ! ਮੇਰਾ ਜਵਾਬ ਸੀ ਭਾਰਤ ਵਿੱਚ ਕਿਉਂ ਨਹੀਂ ? ਜਵਾਬ ਮਿਲਿਆ ਏਥੇ ਰਹਿ ਕੇ ਜੇਕਰ ਪੜ੍ਹ ਲਿਖ ਵੀ ਗਏ ਤਾਂ ਸੋਟੇ ਹੀ ਖਾਣੇ ਪੈਣਗੇ , ਧਰਨੇ ਹੀ ਲਾਉਣੇ ਪੈਣਗੇ। ਬੱਚਿਆਂ ਦਾ ਜਵਾਬ ਸੁਣ ਮੇਰੇ ਕੋਲ ਕੋਈ ਜਵਾਬ ਨਹੀਂ ਸੀ।

ਇਸ ਚਰਚਾ ਤੋਂ ਬਾਅਦ ਮੈਂ ਹੜਤਾਲਾਂ ਦਾ ਆਮ ਜਨਜੀਵਨ ਉੱਤੇ ਪੈਣ ਵਾਲੇ ਪ੍ਰਭਾਵ ਤੇ ਉਸਦੇ ਕੁਝ ਸਮਾਧਾਨ ਬਾਰੇ ਸੰਖੇਪ ਵਿੱਚ ਵਿਚਾਰ ਕਰਨਾ ਚਾਹਾਂਗੀ। ਇਸ ਵਿੱਚ ਕੋਈ ਦੋਰਾਇ ਨਹੀਂ ਕਿ ਜੇਕਰ ਧਰਨੇ ਬਜ਼ਾਰ ਵਿੱਚ ਲੱਗੇ ਹੋਣਗੇ ਤਾਂ ਆਸ ਪਾਸ ਦੇ ਦੁਕਾਨਦਾਰਾਂ ਨੂੰ ਚੋਖਾ ਘਾਟਾ ਖਾਣਾ ਪੈਂਦਾ ਹੈ। ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਬਜ਼ਾਰ ਵਿੱਚ ਜਿਆਦਾਤਰ ਦੁਕਾਨਦਾਰਾਂ ਨੇ ਵੱਡੀ ਰਕਮ ਉੱਤੇ ਦੁਕਾਨਾਂ ਕਿਰਾਏ ਉੱਤੇ ਖਰੀਦੀਆਂ ਹੁੰਦੀਆਂ ਹਨ। ਜੇਕਰ ਉਹਨਾਂ ਵਿਚੋਂ ਕਿਸੇ ਦੀ ਇੱਕ ਦਿਨ ਵੀ ਦੁਕਾਨ ਬੰਦ ਰਹਿੰਦੀ ਹੈ ਤਾਂ ਉਹਨਾਂ ਨੂੰ ਵੱਡਾ ਘਾਟਾ ਪੈਂਦਾ ਹੈ। ਇਸ ਤੋਂ ਇਲਾਵਾ ਦੂਰੋਂ ਨੇੜਿਓਂ ਆਉਣ ਵਾਲੇ ਰਾਹਗੀਰਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਕਿਸੇ ਵਿਦਿਆਰਥੀ ਦਾ ਇਮਤਿਹਾਨ ਹੋ ਸਕਦਾ, ਕਿਸੇ ਦੀ ਨੌਕਰੀ ਲਈ ਇੰਟਰਵਿਊ ਹੋ ਸਕਦੀ ਹੈ, ਕੋਈ ਜਿਆਦਾ ਬਿਮਾਰ ਹੋ ਸਕਦਾ ਹੈ, ਕਿਸੇ ਨੇ ਕਿਸੇ ਖਾਸ ਸਮਾਗਮ ਵਿੱਚ ਸ਼ਿਰਕਤ ਕਰਨੀ ਹੋ ਸਕਦੀ ਹੈ।ਕਹਿਣ ਤੋਂ ਭਾਵ ਬਹੁਤ ਵੱਡੇ ਪੱਧਰ ਉੱਤੇ ਆਮ ਲੋਕ ਖੱਜਲ ਖੁਆਰ ਹੁੰਦੇ ਹਨ।

ਇੱਥੇ ਇੱਕ ਗੱਲ ਹੋਰ ਵੀ ਜ਼ਕਿਰਯੋਗ ਹੈ ਕਿ ਭਾਰਤੀ ਜੋ ਖਾਸ ਕਰ ਅੱਜ ਪੱਛਮੀ ਸੱਭਿਅਤਾ ਤੋਂ ਪ੍ਰਭਾਵਿਤ ਹੋ ਰਹੇ ਹਨ, ਪਹਿਰਾਵੇ, ਖਾਣੇ, ਬੋਲੀ, ਰਹਿਣ ਸਹਿਣ ਦੇ ਤੌਰ ਤਰੀਕੇ ਉੱਪਰ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਕਬੂਲਿਆ ਗਿਆ ਹੈ। ਪਰ ਜਦੋਂ ਗੱਲ ਅਨੁਸ਼ਾਸਨ ਦੀ ਆਉਂਦੀ ਹੈ ਤਾਂ ਸ਼ਾਇਦ ਅਸੀਂ ਅੱਖਾ ਬੰਦ ਕਰ ਲੈਂਦੇ ਹਾਂ। ਇੱਥੇ ਦੁਨੀਆਂ ਦੇ ਤਾਕਤਵਰ ਦੇਸ਼ਾਂ ਵਿਚੋਂ ਇੱਕ ਦੇਸ਼ ਜਪਾਨ ਦੀ ਉਦਾਹਰਣ ਜਰੂਰ ਦੇਣਾ ਚਾਹਾਂਗੀ , ਉੱਥੇ ਇੱਕ ਯੋਜਨਾਬੱਧ ਤਰੀਕੇ ਨਾਲ ਰੋਸ ਪ੍ਰਦਰਸ਼ਨ ਕੀਤਾ ਜਾਂਦਾ ਹੈ, ਜਿਸਦਾ ਸਮਾਂ ਵੀ ਨਿਸ਼ਚਿਤ ਕੀਤਾ ਜਾਂਦਾ ਹੈ ਜੋ ਕਿ ਕੁਝ ਘੰਟੇ ਜਾਂ ਇੱਕ ਦਿਨ ਲਈ ਹੁੰਦਾ ਹੈ। ਲੋਕ ਕਾਲੀਆਂ ਪੱਟੀਆਂ ਬਾਹਵਾਂ ਤੇ ਬੰਨ੍ਹ, ਬੈਨਰ ਫੜ੍ਹ ਸ਼ਾਤਮਈ ਤਰੀਕੇ ਨਾਲ ਰੋਸ ਜ਼ਾਹਰ ਕਰਦੇ ਹਨ। ਪ੍ਰੰਤੂ ਫਰਵਰੀ 2016 ਨੂੰ ਭਾਰਤ ਦੇ ਸ਼ਹਿਰ ਰੋਹਤਕ ਵਿੱਚ ਹੋਏ ਜਾਟ ਅੰਦੋਲਨ ਨੂੰ ਕੋਈ ਨਹੀਂ ਭੁੱਲ ਸਕਦਾ, ਜਿਸ ਦੇ ਪਹਿਲੇ ਦਸ ਦਿਨ ਸ਼ਾਤਮਈ ਰਹੇ ਪਰ ਉਸਤੋਂ ਬਾਅਦ ਅਜਿਹਾ ਭਿਆਨਕ ਰੂਪ ਦੇਖਣ ਨੂੰ ਮਿਲਿਆ , ਕਿ ਇਸ ਅੰਦੋਲਨ ਵਿੱਚ ਨੌ ਔਰਤਾਂ ਨਾਲ ਜਬਰ ਜਨਾਹ ਕੀਤਾ ਗਿਆ, ਜਾਟ ਸਮੁਦਾਇ ਦੇ ਵਿਦਿਆਰਥੀਆਂ ਨੂੰ ਉਹਨਾਂ ਦੇ ਕਾਲਜ ਹੋਸਟਲਾਂ ਵਿੱਚ ਜਾਕੇ ਬੇਵਜ੍ਹਾ ਗ੍ਰਿਫ਼ਤਾਰ ਕੀਤਾ ਗਿਆ ਅਤੇ ਮਾਰ ਕੁੱਟ ਕੀਤੀ ਗਈ।ਇਸ ਹਿੰਸਕ ਧਰਨੇ ਵਿੱਚ 30 ਲੋਕਾਂ ਦੀ ਜਾਨ ਗਈ। ਭਾਰਤ ਦੀ ਅਰਥ ਵਿਵਸਥਾ ਨੂੰ ਬਿਲੀਅਨ ਵਿੱਚ ਘਾਟਾ ਪਿਆ। ਕਿਸਾਨੀ ਮੋਰਚਾ ਇਹਨਾਂ ਧਰਨਿਆਂ ਦੀ ਇੱਕ ਤਾਜ਼ੀ ਉਦਹਾਰਣ ਹੈ ਜਿਸ ਵਿੱਚ 700 ਦੇ ਕਰੀਬ ਲੋਕਾਂ ਨੇ ਜਾਨਾਂ ਗਵਾਈਆਂ।ਜੇਕਰ ਗੱਲ ਸਮਾਧਾਨ ਦੀ ਕੀਤੀ ਜਾਵੇ ਤਾਂ ਇਸ ਦਾ ਹੱਲ ਕਰਨ ਲਈ ਲੋਕਾਂ ਤੇ ਸਰਕਾਰਾਂ ਦੋਨਾ ਨੂੰ ਆਪਣੇ ਵਿੱਚ ਪਰਿਵਰਤਨ ਲਿਆਉਣ ਦੀ ਜਰੂਰਤ ਹੈ। ਲੋਕਾਂ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਬਹੁਤ ਹੀ ਸੂਝਬੂਝ ਨਾਲ ਕਰਨਾ ਚਾਹੀਦਾ ਹੈ ਤਾਂ ਜੋ ਉਹਨਾਂ ਦੁਆਰਾ ਚੁਣੀ ਸਰਕਾਰ ਉਹਨਾਂ ਦੀ ਲੋੜਾਂ ਬਿਨਾਂ ਮੰਗਿਆ ਹੀ ਪੂਰੀਆਂ ਕਰ ਸਕੇ । ਇਸ ਤੋਂ ਇਲਾਵਾ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਜੇਕਰ ਉਹਨਾਂ ਉੱਪਰ ਭਰੋਸਾ ਕਰਕੇ ਲੋਕਾਂ ਨੇ ਉਹਨਾਂ ਨੂੰ ਰਾਜ ਕਰਨ ਦਾ ਮੌਕਾ ਦਿੱਤਾ ਹੈ ਤਾਂ ਉਹ ਲੋਕਾਂ ਦੀਆਂ ਉਮੀਦਾਂ ਉੱਪਰ ਖਰੇ ਉੱਤਰਨ। ਲੋਕਾਂ ਦੀਆਂ ਜਰੂਰੀ ਲੋੜਾਂ ਪੂਰੀਆਂ ਕੀਤੀਆਂ ਜਾਣ। ਇਸ ਗੱਲ ਨੂੰ ਜਹਿਨ ਵਿੱਚ ਰੱਖਿਆ ਜਾਵੇ ਕਿ ਭਾਰਤ ਲੋਕਤੰਤਰੀ ਦੇਸ਼ ਹੈ ਅਤੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨੀ ਉਹਨਾਂ ਦਾ ਪਹਿਲਾ ਫਰਜ਼ ਹੈ । ਸਰਕਾਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਧਰਨੇ, ਹੜਤਾਲਾਂ ਦੇਸ਼ ਦੀ ਵਿਵਸਥਾ ਦਾ ਪੂਰੀ ਤਰ੍ਹਾਂ ਜਨਾਜ਼ਾ ਕੱਢਦੇ ਹਨ। ਪੂਰੀ ਦੁਨੀਆਂ ਨੂੰ ਇਸ ਗੱਲ ਦਾ ਪ੍ਰਤੱਖ ਸਬੂਤ ਮਿਲ ਜਾਂਦਾ ਹੈ ਕਿ ਸਮੇਂ ਦੀ ਸਰਕਾਰ, ਦੇਸ਼ ਦੇ ਪ੍ਰਸ਼ਾਸਕ ਲੋਕਾਂ ਦੀਆਂ ਉਮੀਦਾਂ ਉੱਤੇ ਖਰੇ ਉੱਤਰਨ ਵਿੱਚ ਅਸਫ਼ਲ ਰਹੇ ਹਨ। ਇਸ ਦਾ ਸਬੂਤ ਕਿਸਾਨੀ ਅੰਦੋਲਨ ਦੇ ਚੱਲਦਿਆਂ ਮਿਲ ਹੀ ਗਿਆ ਸੀ,ਜਦੋਂ ਪੂਰੀ ਦੁਨੀਆਂ ਦੇ ਵੱਡੇ ਸਿਆਸਤਦਾਨਾਂ ਤੇ ਮਸ਼ਹੂਰ ਹਸਤੀਆਂ ਦੁਆਰਾ ਸਮੇਂ ਦੀ ਸਰਕਾਰ ਵਿਰੁੱਧ ਬਿਆਨ ਦਿੱਤੇ ਗਏ।

ਧਰਨੇ ਉੱਤੇ ਬੈਠੇ ਮੁਲਾਜ਼ਮਾਂ ਨੂੰ ਵੀ ਆਮ ਜਨਤਾ ਅਤੇ ਕਾਰੋਬਾਰਾਂ ਦਾ ਜਰੂਰ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਵਿੱਚ ਆਮ ਲੋਕਾਂ ਦਾ ਕੋਈ ਕਸੂਰ ਨਹੀਂ । ਹਰ ਕਾਰਵਾਈ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਆਮ ਜਨਜੀਵਨ ਪ੍ਰਭਾਵਿਤ ਨਾ ਹੋਵੇ, ਕੋਈ ਵੀ ਧਰਨਾ ਹਿੰਸਕ ਨਹੀਂ ਹੋਣਾ ਚਾਹੀਦਾ ।ਪਰ ਹਾਂ ਤੁਹਾਡਾ ਤਰੀਕਾ ਐਨਾ ਕੁ ਸੁਲਝਿਆ ਹੋਣਾ ਚਾਹੀਦਾ ਹੈ ਕਿ ਸਰਕਾਰਾਂ ਤੁਹਾਡੀਆਂ ਮੰਗਾਂ ਮੂਹਰੇ ਆਪ ਗੋਡੇ ਟੇਕ ਦੇਣ।

# ਕਿਸੇ ਦੇ ਸਪੋਰਟਰ ਨਹੀਂ, ਲੋਕਾਂ ਦੇ ਪ੍ਰਤੀਨਿਧ ਪਾਰਲੀਮੈਂਟ ਬਣਾਉਂਦੇ ਹਨ

ਭਾਰਤ ਦੇ ਲੋਕਾਂ ਦੀ ਇਹ ਸ਼ਿਕਾਇਤ ਹੈ ਕਿ ਇਹ ਜਿਹੜੇ ਵੀ ਵਿਧਾਇਕ ਪਾਰਲੀਮੈਂਟ ਵਿੱਚ ਜਾਕੇ ਬੈਠ ਰਹੇ ਹਨ ਇਹ ਪਾਰਲੀਮੈਂਟ ਵਿੱਚ ਲੋਕਾਂ ਦੇ ਭਲੇ ਦੀ ਗੱਲ ਕਿਉਂ ਨਹੀਂ ਕਰਦੇ ਹਨ। ਲੋਕਾਂ ਦਾ ਇਹ ਅਧਿਕਾਰ ਹੈ ਕਿ ਉਹ ਵਿਧਾਇਕਾਂ ਪਾਸੋਂ ਪੁਛਣ ਕਿ ਅਸੀਂ ਤੁਹਾਨੂੰ ਚੁਣਿਆ ਹੈ, ਸਦਨ ਵਿੱਚ ਬਿਠਾਇਆ ਹੈ, ਤਨਖਾਹ ਦਿੰਦੇ ਹਾਂ, ਭੱਤੇ ਦਿੰਦੇ ਹਾਂ, ਪਾਰਲੀਮੈਂਟ ਦਾ ਸਾਰਾ ਖਰਚਾ ਬਰਦਾਸ਼ਿਤ ਕਰਦੇ ਹਾਂ ਅਤੇ ਫਿਰ ਤੁਹਾਨੂੰ ਪੈਨਸ਼ਨ ਵੀ ਦਿੰਦੇ ਹਾਂ, ਇਤਨਾਖਰਚਾ ਕਾਸ ਲਹੀ ਕਰਦੇ ਹਾਂ। ਤਾਂ ਇਹ ਵਿਧਾਇਕ ਇਹ ਜੁਵਾਬ ਦੇ ਰਹੇ ਹਨ ਕਿ ਭਰਾਵੋ ਅਸੀਂ ਕੀ ਕਰੀਏ, ਮੈਂ ਜਿੰਨ੍ਹਾਂ ਸਰਦਾਰਾ ਨੇ ਮੈਨੂੰ ਆਪਣਾ ਸਪੋਰਟਰ ਬਣਾਕੇ ਮੇਰਾ ਨਾਮ ਨਾਮਜ਼ਦ ਕੀਤਾ ਸੀ ਅਤੇ ਇਹ ਆਖ ਦਿੱਤਾ ਸੀ ਕਿ ਸਦਨ ਵਿੱਚ ਜਾਕੇ ਬਸ ਬੈਠਣਾ ਹੀ ਹੈ ਅਤੇ ਸਾਡੀ ਹਾਂ ਵਿੱਚ ਹਾਂ ਮਿਲਾਈ ਜਾਣਾ ਹੈ। ਅਸੀਂ ਅਗ ਇਸ ਕਸਮ ਦੀ ਉਲੰਣਾ ਕਰਦੇ ਹਾਂ ਤਾਂ ਸਾਨੂੰ ਸਦਨ ਵਿਚੋਂ ਕਢਿਆ ਵੀ ਜਾ ਸਕਦਾ ਹੈ। ਅਤੇ ਇਹ ਜਿਹੜਾ ਵੀ ਸਿਲਸਿਲਾ ਬਣ ਗਿਆ ਹੈ ਇਹ ਪਕਾ ਜਿਹਾ ਬਣ ਗਿਆ ਹੈ ਕਿਉਂਕਿ ਸਾਡੇ ਮੁਲਕ ਵਿੱਚ ਸੰਭਾਵੀ ਪ੍ਰਧਾਨ ਮੰਤਰੀ ਪਹਿਲਾਂ ਹੀ ਬਣੇ ਖਲੌਤੇ ਹੁੰਦੇ ਹਨ ਅਤੇ ਉਨ੍ਹਾਂ ਦੇ ਨਾਮ ਉਤੇ ਹੀ ਵੋਟਾਂ ਪੈਂਦੀਆਂ ਹਨ। ਅਸੀਂ ਤਾਂ ਬਸਖਾਨਾਪੂਰੀ ਲਈ ਹੀ ਦਨ ਤਕ ਪੁਚਾਏ ਜਾਂਦੇ।

ਪਿਛਲੀ ਪੌਣੀ ਸਦੀ ਦਾ ਪਾਰਲੀਮੈਂਟ ਦਾ ਰਿਕਾਰਡ ਇਹੀ ਦਰਸਾ ਰਿਹਾ ਹੈ ਕਿ ਇਹ ਜਿਹੜੇ ਵਿਧਾਇਕਾਂ ਦੀ ਗਿਣਤੀ ਜ਼ਿਆਦਾ ਹੁੰਦੀ ਰਹੀ ਹੈ ਉਹੀ ਆਦਮੀ ਪ੍ਰਧਾਨਟ ਮੰਤਰੀ ਬਣਦਾ ਰਿਹਾ ਹੈ ਅਤੇ ਉਸੇ ਦੀ ਹਕੂਮਤ ਬਣਦੀ ਰਹੀ ਹੈ। ਅਤੇ ਅਸਾਂ ਇਹ ਵੀ ਦੇਖ ਹੀ ਲਿਆ ਹੈ ਕਿ ਪਾਰਲਪਮੈਂਟ ਵਿੱਚ ਇਹ ਸਰਕਾਰ ਵਾਲੇ ਪਾਸੇ ਬੈਠੇ ਚੁਪ ਹੀ ਰਹੇ ਹਨ ਅਤੇ ਪ੍ਰਧਾਨ ਮੰਤਰੀ ਦਾ ਹੁਕਮ ਹੀ ਚਲਦਾ ਰਿਹਾ ਹੈ। ਅਤੇ ਅਸਾਂ ਇਹ ਵੀ ਦੇਖਿਆ ਹੈ ਕਿ ਜਿਹੜੇ ਵਿਧਾਇਕ ਵਿਰੋਧੀ ਪਾਸੇ ਬੈਠੇ ਰਹਿੰਦੇ ਹਨ, ਇਹ ਪਹਿਲਾਂ ਤਾਂ ਘਟ ਗਿਣਤੀ ਕਰਕੇ ਬੋਲਦੇਹੀ ਨਹੀਂ ਹਨ ਅਤੇ ਅਗਰ ਕੋਈ ਹਿੰਮਤ ਕਰਕੇ ਬੋਲ ਵੀ ਪਵੇ ਤਾਂ ਉਸਦੀ ਕੋਈ ਸੁਣਵਾਈ ਨਹੀਂ ਹੈ। ਅਤੇ ਇਸ ਤਰ੍ਹਾਂਅਜ ਪੌਣੀ ਸਦੀ ਦਾ ਸਮਾਂ ਲਦ ਗਿਆ ਹੈ। ਇਹ ਜਿਹੜਾ ਕੋਈ ਵੀ ਪ੍ਰਧਾਨ ਮੰਤਰੀ ਬਣਦਾ ਰਿਹਾ ਹੈ ਉਹੀ ਕਰਤਾ ਧਰਤਾ ਰਿਹਾ ਹੈ ਅਤੇ ਅਗਰ ਸਾਡੇ ਮੁਲਕ ਦਾ ਪੌਣੀ ਸਦੀ ਦਾ ਇਤਿਹਾਸ ਵੀ ਵਾਚਿਆਜਾਵੇ ਤਾਂ ਹਰ ਪੰਨੇ ਉਤੇ ਸਿਰਫ ਅਤੇ ਸਿਰਫ ਪ੍ਰਧਾਨ ਮੰਤਰੀ ਦਾ ਨਾਮ ਹੀ ਬੋਲੀਦਾਆ ਰਿਹਾ ਹੈ। ਕੋਈ ਇਹ ਆਖੇ ਕਿ ਬਾਕੀ ਦੇ ਵਿਧਾਇਕ ਕੀ ਕਰਦੇ ਰਹੇ ਹਨ ਤਾਂ ਬਸ ਇਤਨਾ ਹੀ ਆਖਿਆ ਜਾ ਸਕਦਾ ਹੈ ਕਿ ਸਰਕਾਰੀ ਪਖ ਵਾਲੇ ਵਿਧਾਇਕ ਬਸ ਵੋਟਾ ਹੀ ਪਾਉਂਦੇ ਰਹੇ ਹਨ ਅਤੇ ਚੁਪ ਸਾਧਮਕੇ ਬੈਠਣਾ ਹੀ ਇੰਨ੍ਹਾਂ ਨੂੰ ਸਿਖਾਇਆ ਗਿਆ ਹੈ। ਇਹ ਪਿਆ ਲਗਦਾ ਹੈ ਕਿ ਇਸ ਗਲ ਦੀ ਪਰਵਾਨਗੀ ਸਾਡੇ ਵਿਧਾਨ ਵਿੱਚ ਹੀ ਕਿਧਰੇ ਦਰਦ ਹੈ ਕਿਉਕਿ ਹਰ ਵਿਧਾਇਕ ਵਿਧਾਨ ਦੀ ਕਸਮ ਖਾਕੇ ਹੀ ਸਦਨ ਵਿੱਚ ਬੈਠਦਾ ਹੈ। ਹਾਲਾਂ ਤਕ ਵਿਧਾਇਕਾਂ ਪਾਸੋਂ ਇਹ ਕਸਮ ਨਹੀਂ ਲਿਤੀ ਗਈ ਹੈ ਕਿ ਉਹ ਲੋਕਾਂ ਦੇ ਪ੍ਰਤੀਨਿਧ ਹਨ ਅਤੇ ਆਪਣੇ ਆਪਣੇ ਇਲਾਕੇ ਦੇ ਲੋਕਾਂ ਦੀ ਬਿਹਤਰੀ ਲਈਹੀ ਸਦਨ ਵਿ5ੱਚ ਗਲ ਕਰਨਗੇ। ਅਤੇ ਸਾਡੇ ਪਰਜਾਤੰਤਰ ਦਾ ਅਜ ਤਕ ਦਾ ਰਿਕਾਰਡ ਇਹੀ ਸਪਸ਼ਟ ਕਰਦਾ ਆ ਰਿਹਾ ਹੈ ਕਿ ਕਿਸੇ ਵੀ ਵਿਧਾਇਕ ਨੇ ਅਜ ਤਕ ਨਾਂ ਤਾਂ ਕੋਈ ਸਕੀਮ ਹੀ ਬਣਾਈ ਹੈ, ਨਾਂ ਹੀਕੋਈ ਪ੍ਰੋਜੈਕਟ ਜਾਂ ਬਿਲ ਹੀ ਤਿਆਰ ਕਰਕੇ ਸਾਦਨ ਵਿੱਚ ਪੇਸ਼ ਕੀਤਾ ਹੈ। ਅਤੇ ਸਾਡੇ ਵਿਧਾਨ ਵਿੱਚ ਕੋਈ ਐਸਾ ਡਿਊਟੀ ਚਾਰਟ ਵੀ ਬਣਾਇਆ ਦਿਖਾਈ ਨਹੀਂ ਦੇ ਰਿਹਾ ਜਿਸ ਵਿੱਚ ਵਿਧਾਇਕਾਂ ਦੀ ਵੀ ਕੋਈ ਡਿਊਟੀ ਲਗੀ ਹੋਵੇ ਅਤੇ ਵਿਧਾਇਕਾਂ ਲਈ ਐਸੀ ਵਿਵਸਥਾਂ ਲਗਦਾ ਹੈ ਤਾਂ ਹੀ ਬਣਾ ਦਿਤੀ ਗਈ ਹੈ ਕਿ ਉਹ ਚੁਪ ਰਹਿਣ ਅਤੇ ਵੋਟਾ ਪਾ ਦਿਆ ਕਰਨੇ

ਅੱਜ ਸਾਡੇ ਸਾਹਮਣੇ ਸਵਾਲ ਇਹ ਆ ਬਣਿਆ ਹੈ ਕਿ ਅਜ ਤਕ ਅਸੀਂ ਵੋਟਾਂ ਕਿਸਨੂੰ ਪਾਉਂਦੇ ਰਹੇ ਹਾਂ। ਅਸੀਂ ਵੋਟਾਂ ਕਿਸੇ ਦੇ ਸਪੋਰਟਰ ਨੂੰ ਪਾਉਂਦੇ ਰਹੇ ਹਾਂ ਜਾਂ ਆਪਣੇ ਇਲਾਕੇ ਲਈ ਆਪਣਾ ਪ੍ਰਤੀਨਿਧ ਚੁਣਦੇ ਰਹੇ ਹਾਂ? ਇਹ ਵਾਲਾ ਸਵਾਲ ਆ ਬਣਿਆ ਹੈ ਅਤੇ ਅੱਜ ਤਕ ਕਿਸੇ ਪੁਛਿਆ ਨਹੀਂ ਹੈ ਅਤੇਨਾਂ ਹੀ ਕਿਸੇ ਨੇ ਜਵਾਜਬ ਹੀ ਦਿੱਤਾ ਹੈ। ਇਸਮੁਲਕ ਵਿੱਚ ਵਿਦਵਾਨਾ ਦੀ ਘਾਟ ਨਹੀਂ ਹੈ। ਰਾਜਨੀਤੀ ਸ਼ਾਸਤਰੀਆਂ ਵਿੱਚ ਪੀਐਚਡੀ ਤਕ ਕੀਤੀ ਆਦਮੀ ਹਨ ਅਤੇ ਦੁਨੀਆਂ ਭਰ ਵਿੱਚ ਮਸ਼ਹੂਰ ਵੀ ਹਨ। ਪਰ ਹਾਲਾਂ ਤਕ ਕਿਸੇ ਨੇ ਵੀ ਇਹ ਨਹੀਂ ਆਖਿਆ ਕਿ ਇਹ ਜਿਹੜਾ ਪਰਜਾਤੰਤਰ ਸਾਡੇ ਮੁਲਕ ਵਿੱਚ ਆ ਗਿਆ ਹੈ ਇਹ ਪਰਜਾਤੰਤਰ ਨਹੀਂ ਹੈ ਅਤੇ ਪਰਜਾਤੰਤਰ ਤਾਂ ਬਣੇਗਾ ਜਦ ਇਸ ਮੁਲਕ ਵਿੱਚ ਇਹ ਚੋਣਾਂ ਪ੍ਰਤੀਨਿਧ ਚੁਣਨ ਲਈ ਕਰਵਾਈਆਂ ਜਾਣਗੀਆਂ ਨਾਂ ਕਿ ਕਿਸੇ ਪਹਿਲਾਂ ਹੀ ਬਣੇ ਪ੍ਰਧਾਨ ਮੰਤਰੀ ਦੇ ਸਪੋਰਟਰਾਂ ਵਜੋਂਕਰਵਾਈਆਂ ਜਾਣਗੀਆਂ। ਅਗਰ ਇਹ ਵਾਲਾ ਇਤਰਾਜ਼ ਇਹ ਵਿਦਵਾਨ ਲੋਕੀਂ ਉਠਾ ਦਿੰਦੇ ਤਾਂ ਇਹ ਵਾਲੀ ਸਮਸਿਆ ਵੀ ਹਲ ਕੀਤੀ ਜਾ ਸਕਦੀ ਸੀ। ਪਰ ਅਜ ਤਕ ਐਸਾ ਕਿਸੇ ਨੇਆਖਿਆ ਹੀ ਨਹੀ ਹੈ। ਅਸੀਂ ਤਾਂ ਇਹ ਵੀ ਹੈਰਾਨ ਹਾਂ ਕਿ ਇਹ ਜਿਹੜੇ ਵੀ ਆਦਮੀ ਸਰਕਾਰੀ ਸਪੋਰਟਰ ਬਦਕੇ ਸਦਨਾ ਵਿੱਚ ਬੈਠਦੇ ਰਹੇ ਹਨ ਇਹ ਪੌਣੀ ਸਦੀ ਚੁਪ ਹੀ ਬੈਠੇ ਰਹੇਹਨ ਅਤੇ ਕਦੀ ਵੀ ਇਹ ਆਪਣੇ ਅਕਾ ਦੀ ਗਲ ਉਤੇ ਨੁਕਤਾਚੀਨੀ ਨਹੀਂ ਕਰ ਪਾਏ ਅਤੇ ਹਾਲਾਂ ਤਕ ਕਿਸੇ ਨੇ ਵੀ ਇਹ ਇਤਰਾਜ਼ ਖੜਾ ਕਰਕੇ ਇਹ ਨਹੀਂ ਆਖਿਆ ਕਿ ਇਹ ਗੁਲਾਮੀ ਵਾਲਾ ਸਿਲਸਿਲਾ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ।

ਇਹ ਸਪੋਰਟਰਾਂ ਵਾਲਾ ਸਿਲਸਿਲਾ ਬਣ ਵੀਆਇਆ ਹੈ ਅਤੇ ਪਕਾਵੀ ਹੋ ਗਿਆ ਹੈ ਅਤੇ ਸੰਭਾਵੀਪ੍ਰਧਾਨ ਮੰਤਰੀਆਂ ਦੀ ਸੂਚੀ ਵੀ ਬਣਦੀ ਆਈ ਹੈ ਅਤੇ ਅਜ ਵੀ ਕਾਇਮ ਹੈ। ਇਹ ਸਾਰਾ ਕੁਝ ਬਦਲਣਾ ਅੱਜ ਅਨਹੋਣੀ ਜਿਹੀ ਗੱਲ ਲਗਦੀ ਹੈ। ਇਸ ਲਈ ਕੋਈ ਦਰਮਿਆਨਾਂ ਅਰਥਹਾਤ ਵਿੱਚ ਦਾ ਰਸਤਾ ਲਭਣਾ ਪਵੇਗਾ। ਪਾਰਲੀਮੈਂਟ ਪਾਰਟੀ ਮੁਕਤ ਕਰ ਦਿਤੀ ਜਾਵੇ ਅਤੇ ਪ੍ਰਧਾਨ ਮੰਤਰੀ ਅਤੇ ਮੰਤਰੀਆਂ ਦੀ ਚੋਣ ਪਾਰਲੀਮੈਂਟ ਵਿੱਚ ਵਿਧਾਇਕ ਆਪ ਕਰਨ। ਇਹ ਬਣਿਆ ਬਣਾਇਆ ਸਰਦਾਰ ਅਰਥਾਤ ਪ੍ਰਧਾਨ ਮੰਤਰੀ ਵਾਲਾ ਸਿਲਸਿਲਾ ਹੀ ਖਤਮ ਕਰ ਦਿੱਤਾ ਜਾਵੇ। ਇਹ ਇਕ ਰਾਹ ਹੈ। ਦੂਜਾ ਰਾਹ ਇਹ ਹੋ ਸਕਦਾ ਹੈ ਕਿ ਜਿਹੜੀ ਕਸਮ ਵਿਧਾਇਕਾ ਪਾਸੋਂ ਲਿਤੀ ਜਾਂਦੀ ਹੈ ਉਸ ਵਿੱਚ ਇਹ ਲਿਖ ਦਿਤਤਾ ਜਾਵੇ ਕਿ ਉਹ ਲੋਕਾਂ ਦਾ ਪ੍ਰਤੀਨਿਧ ਹੈ, ਲੋਕਾਂ ਦੇ ਭਲੇ ਦੀ ਗਲ ਕਰੇਗਾ ਅਤੇ ਕਿਸੇ ਦੇ ਦਬਾਓਬ ਤਲੇ ਨਹੀਂ ਹੈ ਅਤੇ ਆਪਣੀਜ਼ਮੀਰ ਦੀ ਆਵਾਜ਼ ਅਧੀਨ ਹੀ ਵੋਟ ਪਾਵੇਗਾ। ਸ਼ਾਇਦ ਇਹ ਕਸਮ ਖਾਣ ਬਾਅਦ ਕੁਝ ਸੁਧਾਰ ਆ ਜਾਵੇ। ਸਾਦਨ ਵਿੱਚ ਬੈਠਨ ਦਾ ਤਰੀਕਾ ਵੀ ਬਦਲ ਦਿੱਤਾ ਜਾਵੇ ਅਤੇ ਇਹ ਵਖ ਵਖ ਸਰਕਾਰੀ ਵਿਧਾਹਿਕ ਅਤੇ ਵਿਰੋਧਹੀ ਧਿਰਾਂ ਦੇ ਵਿਧਾਇਕਾਂ ਦਾ ਬੈਠਣਾ ਵੀ ਗਲਤ ਹੈ। ਵੋਟਾ ਜਦ ਵੀ ਸਦਨ ਵਿੱਚ ਪੈਣ ਗੁਪਤ ਪੈਣ ਅਤੇ ਇਹ ਸਰਕਾਰੀ ਵਿਧਾਇਕਾਂ ਦੀਆਂ ਵੋਟਾ ਸਰਕਾਰ ਦੇਹਕ ਵਿੱਚ ਐਵਂ ਹੀ ਨਾ ਮਨ ਲਿਤੀਆਂ ਜਾਣ। ਹਰ ਮੈਂਬਰ ਦੀ ਡਿਊਟੀ ਲਗਾ ਦਿਤੀ ਜਾਵੇ ਕਿ ਉਹ ਘਟੋ ਘਟ ਇਕ ਬਿਲ, ਸਕੀਮ ਜਾਂ ਪ੍ਰੋਜੈਕਟ ਪੰਜਾਂ ਸਾਲਾਂ ਵਿੱਚ ਸਦਨ ਵਿੱਚ ਰਖੇਗਾ। ਚੌਥਾ ਇਹ ਕਰ ਦਿਤਾ ਜਾਵੇ ਕਿ ਅਗਰ ਇਕ ਇਕ ਆਦਮੀ ਸਕੀਮ ਜਾ ਪ੍ਰੋਜੇਕਮਟ ਨਹੀਂ ਲਿਆ ਸਕਦਾ ਤਾਂ ਇਲਾਕੇ ਜੋੜਕੇ ਪੰਜ ਪੰਜ ਵਿਧਾਇਕਾ ਲਈ ਐਸੀ ਸਕੀਮ, ਬਿਲ ਜਾਂ ਪ੍ਰੋਜੈਕਟ ਰਖਿਆ ਜਾ ਸਕਦਾ ਹੈ। ਵਿਧਾਇਕਾ ਲਈ ਖਾਸ ਵਰਦੀਰਖੀ ਜਾਵੇ ਤਾਂਕਿ ਇਹ ਵਖਰੀ ਵਖਰੀ ਜਿਹੀ ਪਛਾਣ ਖਤਮ ਕਰ ਦਿਤੀ ਜਾਵੇ। ਵਿਧਾਇਕ ਲੋਕ ਸੇਵਕ ਹਨ ਅਤੇ ਇਹ ਜਿਹੜੇ ਵੀ ਸਰਕਾਰੀ ਮੁਲਾਜ਼ਮਾਂ ਲਈ ਕੰਡਕਟ ਰੂਲ ਹਨ ਕੁਝ ਤਰਮੀਮਾ ਕਰਕੇ ਵਿਧਾਇਕਾ ਉਤੇ ਵੀ ਲਾਗੂ ਕੀਤੇ ਜਾਣ। ਵਿਧਾਇਕਾਂ ਦਾ ਡਿਊਟੀ ਚਾਰਟ ਬਣਾਇਆ ਜਾਵੇ ਅਤੇ ਹਰ ਸਾਲ ਵਾਚਿਆਵੀ ਜਾਵੇ ਅਤੇ ਜਿਹੜਾ ਵਿਧਾਇਕ ਕੰਮ ਨਹੀਂ ਕਰ ਰਿਹਾ ਉਸ ਲਈ ਸਜ਼ਾ ਵੀ ਨਿਸਚਿਤ ਕਰ ਦਿਤੀਆਂ ਜਾਣ।ਹਰਏਕ ਉਮੀਦਵਾਰ ਦਾ ਵੇਰਵਾਂ ਸਰਕਾਰ ਪਹਿਲਾਂ ਹੀ ਲੋਕਾਂ ਸਾਹਮਣੇ ਕਰ ਦੇਵੇ ਤਾਂਕਿ ਲੋਕੀਂ ਗੁਣਾਂ ਦੇ ਆਧਾਰ ਉਤੇ ਹੀ ਵੋਟਾ ਪਾ ਸਕਣ। ਅਤੇ ਸਿਆਣੇ ਬੈਠਕੇ ਕੁਝ ਗਲਾਂ ਹੋਰ ਜੋੜ ਸਕਦੇ ਹਨ ਅਤੇ ਇਹ ਗਲਾਂ ਕਿਸੇ ਤਰ੍ਹਾਂਵਿਧਾਨ ਵਿੱਚ ਵੀ ਪਾ ਦਿਤੀਆਂ ਜਾਣ ਜਾਂ ਚੋਣ ਕਾਨੂੰਨ ਵਿੱਚ ਹੀ ਲਿਖ ਦਿਤੀਆਂ ਜਾਣ।

ਕੁਝ ਤਾਂ ਕਰਨਾ ਹੀ ਪੈਣਾ ਹੈ ਅਤੇ ਜਦ ਤਕ ਅਸੀਂ ਸਦਨ ਵਿੱਚ ਪ੍ਰਤੀਨਿਧਾਂ ਦੀ ਭਰਤੀ ਨਹੀਂ ਕਰਾਂਗੇ ਅਤੇ ਜਦ ਤਕ ਇਹ ਸਪੋਰਟਰ ਹੀ ਸਦਨ ਵਿੱਚ ਬੈਠਦੇ ਰਹਿਣਗੇ ਅਸੀਂ ਇਹ ਨਹੀਂ ਆਖ ਸਕਦੇ ਕਿ ਅਸਾਂ ਪਰਜਾਤੰਤਰ ਬਣਾ ਲਿਆ ਹੈ। ਅਤੇ ਇਹ ਜਿਹੜਾ ਵੀ ਇਕ ਪੁਰਖਾ ਰਾਜ ਆ ਬਣਿਆ ਹੈ ਇਹ ਤਾਂ ਆਜ਼ਾਦੀ ਤੋਂ ਪਹਿਲਾਂ ਅਤੇ ਮੁਗਲਾਂ ਤਕ ਕਾਇਮ ਵੀ ਰਿਹਾ ਹੈ ਅਤੇ ਅਸਾਂ ਉਸਦਾ ਸਵਾਦ ਵੀ ਦੇਖਲਿਆ ਹੈ ਅਤੇ ਇਸ ਪੌਣੀ ਸਦੀ ਦੇ ਰਾਜ ਦਾ ਸਵਾਦ ਵੀ ਦੇਖਲਿਆ ਹੈ ਜਿਸ ਵਿੱਚ ਮੁਲਕ ਦੀ ਤਿੰਨਚੌਥਾਈ ਜੰਤਾ ਗਰੀਬ ਕਰਕੇ ਰਖ ਦਿਤੀ ਗਈ ਹੈ। ਅਗਰ ਸਹੀ ਕਿਸਮ ਦਾ ਪਰਜਾਤੰਤਰ ਆ ਜਾਂਦਾ ਅਤੇ ਇਕ ਨਹੀਂ ਸੈਂਕੜੇ ਵਿਧਾਇਕ ਲੋਕਾਂ ਦੇ ਪ੍ਰਤੀਨਿਧ ਬਣਕੇ ਸਦਨ ਵਿੱਚ ਬੈਠਦੇ ਤਾਂ ਅਜ ਅਸੀਂ ਵੀ ਵਿਕਸਿਤ ਦੇਸ਼ਾਂ ਦੀ ਸੂਚੀ ਵਿੱਚ ਆ ਖਲੌਣਾ ਸੀ। ਪਰਜਾਤੰਤਰ ਦਾ ਸਿਧਾ ਸਾਦਾ ਮਤਲਬ ਇਹ ਹੈ ਇਕਪੁਰਖਾ ਰਾਜ ਨਹੀਂ ਬਲਕਿ ਬਹੁਪੁਰਖਾ ਰਾਜ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ, ਪਟਿਆਲਾ*
*ਫੋਨ- 0175 5191856*

# ਰੁੱਤ ਵੋਟਾਂ ਦੀ ਆਈ



ਚਾਨਣ ਦੀਪ ਸਿੰਘ ਔਲਖ
9876888177

ਸਾਡੇ ਲੋਕਤੰਤਰੀ ਦੇਸ਼ ਵਿੱਚ ਸਰਕਾਰਾਂ ਲੋਕਾਂ ਦੁਆਰਾ ਚੁਣੀਆਂ ਜਾਂਦੀਆਂ ਹਨ। ਪਰ ਲੋਕਾਂ ਦੀ ਇਸ ਤਾਕਤ ਦਾ ਚੇਤਾ ਰਾਜਨੀਤਕ ਪਾਰਟੀਆਂ ਨੂੰ ਵੋਟਾਂ ਦੇ ਨੇੜੇ ਜਾ ਕੇ ਹੀ ਆਉਂਦਾ ਹੈ ਅਤੇ ਸਰਕਾਰ ਬਣਾਉਣ ਪਿਛੋਂ ਲੋਕਾਂ ਦੀ ਯਾਦ ਫਿਰ ਵਿਸਰ ਜਾਂਦੀ ਹੈ। ਵੋਟਾਂ ਤੋਂ ਪਹਿਲਾਂ ਸਾਰੇ ਹੀ ਰਾਜਨੀਤਕ ਨੇਤਾਵਾਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਵਾਅਦਿਆਂ, ਭਰੋਸਿਆਂ ਦਾ ਤਾਣਾ ਬਾਣਾ ਬੁਣਿਆ ਜਾਂਦਾ ਹੈ। ਹੋਰ ਤਾਂ ਹੋਰ ਹੁਣ ਤਾਂ ਵੱਡੇ ਰਾਜਨੀਤਕ ਦਲਾਂ ਵਲੋਂ ਚੋਣ ਰਣਨੀਤੀਕਾਰਾਂ ਦੀਆਂ ਸੇਵਾਵਾਂ ਲੈਣ ਦਾ ਰਿਵਾਜ਼ ਸ਼ੁਰੂ ਹੋ ਗਿਆ ਹੈ। ਜਿਸ ਦੀ ਵੱਡੀ ਉਦਾਹਰਣ ਪ੍ਰਸ਼ਾਂਤ ਕਿਸ਼ੋਰ ਦੀ ਚੋਣ ਏਜੰਸੀ ਦੀ ਭੂਮਿਕਾ ਲੰਘੀਆਂ ਚੋਣਾਂ ਵਿੱਚ ਵੇਖਣ ਨੂੰ ਮਿਲੀ ਸੀ।

ਵੋਟਾਂ ਸਮੇਂ ਵੱਖ-ਵੱਖ ਪਾਰਟੀਆਂ ਦੇ ਸਮੱਰਥਕ ਵੀ ਆਪਣੀ ਪਾਰਟੀ ਦੀਆਂ ਚੰਗਿਆਈਆਂ ਗਿਣਾਉਂਦੇ ਦੂਸਰੀ ਪਾਰਟੀ ਦੇ ਸਮੱਰਥਕਾਂ ਨਾਲ ਬਹਿਸਬਾਜ਼ੀ ਤੇ ਉਤਰ ਆਉਂਦੇ ਹਨ। ਇਸ ਸਮੇਂ ਜ਼ਿਆਦਾਤਰ ਲੋਕਾਂ ਤੇ ਧੜੇਬੰਦੀ ਇਨੀਂ ਭਾਰੂ ਹੋ ਜਾਂਦੀ ਹੈ ਕਿ ਅਸਲ ਮੁੱਦੇ ਗਾਇਬ ਹੋ ਜਾਂਦੇ ਹਨ। ਨੇਤਾ ਵੀ ਦੂਜੀਆਂ ਪਾਰਟੀਆਂ ਦੀਆਂ ਬੁਰਾਈਆਂ ਕਰਨ ਅਤੇ ਸਰਕਾਰ ਬਣਾਉਣ ਤੇ ਉਨ੍ਹਾਂ ਪਾਰਟੀਆਂ ਦੇ ਖਾਸ ਨੇਤਾਵਾਂ ਨੂੰ ਸਬਕ ਸਿਖਾਉਣ ਤੇ ਜ਼ੋਰ ਦਿੰਦੇ ਹਨ। ਲੋਕ ਵੀ ਭਾਂਵੇ ਚਾਰ ਸਾਢੇ ਚਾਰ ਸਾਲ ਤੱਕ ਦੁਹਾਈਆਂ ਦਿੰਦੇ ਹਨ ਕਿ ਸਰਕਾਰ ਨੇ ਆਹ ਨੀ ਕੀਤਾ, ਓਹ ਨੀ ਕੀਤਾ ਪਰ ਵੋਟਾਂ ਵੇਲੇ ਪਾਰਟੀ, ਧਰਮ, ਜਾਤ, ਪੱਖ, ਪਹਿਚਾਣ ਦੇ ਅਧਾਰ ਤੇ ਵੋਟ ਭੁਗਤਾ ਦਿੰਦੇ ਹਨ। ਕੁਝ ਲੋਕ ਨਿੱਕੀ ਜਿਹੀ ਰਕਮ ਦੇ ਬਦਲੇ ਆਪਣੀ ਵੋਟ ਦਾ ਹੱਕ ਵੇਚ ਦਿੰਦੇ ਹਨ। ਬਾਕੀ ਵੋਟਾਂ ਸਮੇਂ ਮੁਫ਼ਤ ਬਿਜਲੀ, ਮੁਫ਼ਤ ਰਾਸ਼ਨ, ਪੈਨਸ਼ਨ ਦੇ ਵਾਅਦੇ ਵੀ ਵੋਟਰਾਂ ਲਈ ਖਿੱਚ ਦਾ ਕੇਂਦਰ ਬਣਦੇ ਹਨ।

ਹੋਰ ਕਿੰਨਾ ਸਮਾਂ ਅਸੀਂ ਰਾਜਨੀਤਕ ਪਾਰਟੀਆਂ ਵੱਲੋਂ ਉਭਾਰੇ ਜਾਂਦੇ ਧਾਰਮਿਕ, ਵੱਖਵਾਦੀ, ਬਦਲਾਖੋਰੀ, ਭਿਖਾਰੀਵਾਦੀ ਮੁਦਿਆਂ ਮਕੜਜਾਲ ਵਿੱਚ ਉਲਝਦੇ ਰਹਾਂਗੇ। ਸਿਹਤ, ਸਿਖਿਆ ਅਤੇ ਰੁਜਗਾਰ ਇਨ੍ਹਾਂ ਤੋਂ ਵੀ ਬਹੁਤ ਜ਼ਰੂਰੀ ਮੁੱਦੇ ਹਨ। ਸਾਡੀ ਮੰਗ ਹੋਣੀ ਚਾਹੀਦੀ ਹੈ ਕਿ ਸਾਨੂੰ ਚੰਗੀਆਂ ਸਿਹਤ ਸਹੂਲਤਾਂ ਮਿਲਣ, ਸਾਡੇ ਬੱਚੇ ਚੰਗੇ ਪੜ੍ਹ-ਲਿਖ ਜਾਣ ਅਤੇ ਰੁਜਗਾਰ ਮਿਲ ਜਾਵੇ ਅਸੀਂ ਆਪੇ ਕਮਾ ਕੇ ਰਾਸ਼ਣ ਖਰੀਦ ਲਵਾਂਗੇ ਅਤੇ ਬਿਜਲੀ ਦੇ ਬਿੱਲ ਵੀ ਭਰ ਲਵਾਂਗੇ। ਜੇਕਰ ਅਸੀਂ ਇਨ੍ਹਾਂ ਜ਼ਰੂਰੀ ਮੁਦਿਆਂ ਦੇ ਨਾਂ ਤੇ ਵੋਟਾਂ ਪਾਉਣ ਲੱਗਾਂਗੇ ਤਾਂ ਹੀ ਰਾਜਨੀਤਕ ਪਾਰਟੀਆਂ ਦਾ ਝੁਕਾਅ ਉਨ੍ਹਾਂ ਮੁਦਿਆਂ ਵੱਲ ਹੋਵੇਗਾ ਅਤੇ ਚੁਣੀਆਂ ਗਈਆਂ ਸਰਕਾਰਾਂ ਵੀ ਇਸ ਤਰ੍ਹਾਂ ਦੇ ਮੁੱਦੇ ਹੱਲ ਕਰਨ ਦਾ ਯਤਨ ਕਰਨਗੀਆਂ।

## ਚੰਨੀ ਸਰਕਾਰ ਦੀਆਂ ਸਸਤਾ ਰੇਤਾ ਦੇਣ ਵਾਲੀਆਂ ਖੱਡਾਂ ਬੰਦ



ਮਾਛੀਵਾੜਾ, 8 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੁਝ ਮਹੀਨੇ ਪਹਿਲਾਂ ਸੱਤਾ ਸੰਭਾਲਦੇ ਸਾਰ ਲੋਕਾਂ ਨੂੰ ਵੱਡੀ ਰਾਹਤ ਦੇਣ ਲਈ ਐਲਾਨ ਕੀਤਾ ਸੀ ਕਿ ਮਨਜ਼ੂਰਸ਼ੁਦਾ ਰੇਤ ਖੱਡਾਂ ਵਿੱਚੋਂ 5.50 ਰੁਪਏ ਫੁੱਟ ਦੇ ਹਿਸਾਬ ਰੇਤਾ ਮਿਲੇਗਾ, ਪਰ ਮੁੱਖ ਮੰਤਰੀ ਦੇ ਆਪਣੇ ਵਿਧਾਨ ਸਭਾ ਹਲਕੇ ਤੇ ਜ਼ਿਲ੍ਹੇ ਵਿੱਚ ਅਜਿਹੀਆਂ ਖੱਡਾਂ ਤੋਂ ਰੇਤ ਮਿਲਣੀ ਬੰਦ ਹੋ ਗਈ ਹੈ ਤੇ ਇਸ ਦਾ ਸਟਾਕ ਕਰਨ ਵਾਲਿਆਂ ਨੇ ਇਸ ਨੂੰ ਮੁੜ ਮਹਿੰਗੇ ਭਾਅ ਵੇਚਣਾ ਸ਼ੁਰੂ ਕਰ ਦਿੱਤਾ ਹੈ, ਜਿਸ ਦਾ ਅਸਰ ਚੋਣਾਂ ਉੱਤੇ ਪੈ ਸਕਦਾ ਹੈ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਸਤਾ ਰੇਤਾ ਦੇਣ ਦੇ ਐਲਾਨ ਪਿੱਛੋਂ ਉਸ ਦੇ ਆਪਣੇ ਵਿਧਾਨ ਸਭਾ ਹਲਕੇ ਚਮਕੌਰ ਸਾਹਿਬ ਦੇ ਪਿੰਡ ਬੇਲਾ ਨੇੜੇ ਸਤਲੁਜ ਦਰਿਆ ਵਿੱਚੋਂ 5.50 ਰੁਪਏ ਦੇ ਹਿਸਾਬ ਰੇਤਾ ਮਿਲਣਾ ਸ਼ੁਰੂ ਹੋ ਗਿਆ ਸੀ, ਪਰ ਜਿਸ ਦਿਨ ਤੋਂ ਚੋਣ ਜ਼ਾਬਤਾ ਲੱਗਾ ਹੈ, ਉਸ ਤੋਂ ਕੁਝ ਦਿਨ ਬਾਅਦ ਇਹ ਰੇਤ ਦੀ ਖੱਡ ਬੰਦ ਹੋ ਗਈ ਹੈ। ਇਸ ਤੋਂ ਇਲਾਵਾ ਚੰਨੀ ਦੇ ਆਪਣੇ ਜ਼ਿਲ੍ਹੇ ਰੋਪੜ ਦੇ ਪਿੰਡ ਰੈਲ ਮਾਜਰਾ ਵਿੱਚ ਵੀ ਸਸਤੀ ਰੇਤੇ ਦੀ ਖੱਡ ਬੰਦ ਹੋ ਜਾਣ ਨਾਲ ਟਰਾਂਸਪੋਰਟਰ ਤੇ ਸਸਤਾ ਰੇਤਾ ਖਰੀਦਣ ਵਾਲੇ ਲੋਕ ਕਾਂਗਰਸ ਸਰਕਾਰ ਨੂੰ ਸਵਾਲ ਕਰ ਰਹੇ ਹਨ ਕਿ ਉਹ 5.50 ਰੁਪਏ ਫੁੱਟ ਰੇਤਾ ਕਿੱਥੋਂ ਲੈਣ। ਆਮ ਆਦਮੀ ਪਾਰਟੀ ਦੇ ਆਗੂ ਰਾਘਵ ਚੱਢਾ ਨੇ ਚੰਨੀ ਦੇ ਹਲਕੇ ਵਿੱਚ ਰੇਤ ਦੀਆਂ ਖੱਡਾਂ ਉੱਤੇ ਨਾਜਾਇਜ਼ ਮਾਈਨਿੰਗ ਹੋਣ ਦੇ ਦੋਸ਼ ਲਾਏ ਸਨ।

ਵਰਨਣ ਯੋਗ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਛਾਪਿਆਂ ਤੋਂ ਪਹਿਲਾਂ ਜਿੰਨੇ ਕਰੈਸ਼ਰ ਚੱਲਦੇ ਰਹੇ ਸਨ, ਉਨ੍ਹਾਂ ਦਾ ਉਸ ਤੋਂ ਬਾਅਦ ਬੰਦ ਹੋਣਾ ਸੰਕੇਤ ਦਿੰਦਾ ਹੈ ਕਿ ਪ੍ਰਸ਼ਾਸਨ, ਮਾਈਨਿੰਗ ਅਤੇ ਠੇਕੇਦਾਰਾਂ ਦੀ ਸਾਂਝ ਨਾਲ ਨਾਜਾਇਜ਼ ਮਾਈਨਿੰਗ ਚੱਲ ਰਹੀ ਸੀ, ਜੋ ਡਰ ਕਾਰਨ ਬੰਦ ਕੀਤੀ ਗਈ ਹੈ।ਰੋਪੜ ਜ਼ਿਲ੍ਹੇ ਦੇ ਮਾਈਨਿੰਗ ਅਫਸਰ ਨੇ ਕਿਹਾ ਕਿ ਬੇਲਾ ਤੇ ਰੈਲ ਮਾਜਰਾ ਦੀ ਖੱਡ ਠੇਕੇਦਾਰਾਂ ਨੇ ਮਸ਼ੀਨਰੀ ਦੀ ਖਰਾਬੀ ਕਾਰਨ ਬੰਦ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨੰਗਲ ਦੇ ਐਲੂਗਰਾਂ ਦੀ ਖੱਡ ਵਿੱਚੋਂ ਇਹ ਸਸਤਾ ਰੇਤਾ ਮਿਲਦਾ ਹੈ, ਪਰ ਉਥੋਂ ਦੇ ਕਰੈਸ਼ਰ ਮਾਲਕਾਂ ਦਾ ਕਹਿਣਾ ਸੀ ਕਿ ਇੱਥੇ ਅਜਿਹੀ ਕੋਈ ਖੱਡ ਨਹੀਂ, ਜਿੱਥੇ ਸਸਤਾ ਰੇਤਾ ਮਿਲਦਾ ਹੋਵੇ।

## ਰਾਹੁਲ ਗਾਂਧੀ ਦੀ ਲੁਧਿਆਣੇ ਵਾਲੀ ਵਰਚੁਅਲ ਰੈਲੀ ਨੇ ਨਵਾਂ ਰਿਕਾਰਡ ਬਣਾਇਆ

* ਇੱਕੋ ਵੇਲੇ ਨੱਬੇ ਹਜ਼ਾਰ ਲੋਕਾਂ ਨੇ ਲਾਈਵ ਦੇਖਿਆ

ਲੁਧਿਆਣਾ, 8 ਫਰਵਰੀ (ਪੋਸਟ ਬਿਊਰੋ)- ਬੀਤੇ ਐਤਵਾਰ ਲੁਧਿਆਣਾ ਵਿੱਚ ਕਾਂਗਰਸ ਦੇ ਮੁੱਖ ਮੰਤਰੀ ਉਮੀਦਵਾਰ ਦਾ ਐਲਾਨ ਕਰਨ ਲਈ ਪੁੱਜੇ ਰਾਹੁਲ ਗਾਂਧੀ ਦੀ ਵਰਚੁਅਲ ਰੈਲੀ ਨੇ ਰਿਕਾਰਡ ਤੋੜ ਦਿੱਤੇ ਹਨ। ਪੰਜਾਬ ਵਿੱਚ ਏਦਾਂ ਦੀ ਵਰਚੁਅਲ ਰੈਲੀ ਵਿੱਚ ਇੰਨੇ ਵੱਡੇ ਪੱਧਰ ਉੱਤੇ ਲੋਕ ਇੱਕੋਵੇਲੇਕਦੇ ਨਹੀਂ ਜੁੜੇ। ਇਸਨਾਲ ਬਾਕੀ ਪਾਰਟੀਆਂ ਨੇ ਵੀ ਵਰਚੁਅਲ ਰੈਲੀਆਂ ਦਾ ਦੌਰ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਹੈ।

ਲੁਧਿਆਣੇ ਵਿੱਚ ਹੋਈ ਰਾਹੁਲ ਗਾਂਧੀ ਦੀ ਰੈਲੀ ਦੌਰਾਨ ਇੱਕੋ ਵੱਲੇ ਨੱਬੇ ਹਜ਼ਾਰ ਤੋਂ ਵੱਧ ਲੋਕ ਫੇਸਬੁਕ ਉੱਤੇ ਲਾਈਵ ਜੁੜੇ ਰਹੇ ਅਤੇ ਅੱਜ ਤਕ ਇਸ ਵੀਡੀਓ ਨੂੰ 17 ਲੱਖ ਤੋਂ ਵੱਧ ਲੋਕਾਂ ਨੇ ਵੇਖਿਆ ਹੈ। ਇਸ ਹੁੰਗਾਰੇ ਤੋਂ ਬਾਅਦ ਹੋਰ ਰਾਜਸੀ ਪਾਰਟੀਆਂ ਵੀ ਇਹੋ ਜਿਹੀਆਂ




ਰੈਲੀਆਂ ਦੀ ਤਿਆਰੀ ਵਿੱਚ ਲੱਗ ਗਈਆਂ ਹਨ। ਪੰਜਾਬ ਵਿਚ ਚੋਣਾਂ ਦਾ ਐਲਾਨ ਹੁੰਦਿਆਂ ਸਾਰ ਕੋਰੋਨਾ ਪਾਬੰਦੀਆਂ ਦਾ ਦੌਰ ਸ਼ੁਰੂ ਹੋ ਗਿਆ ਸੀ, ਜਿਸ ਕਾਰਨ ਐਤਕੀਂ ਚੋਣ ਪ੍ਰਚਾਰ ਦੀ ਵੱਡੀ ਟੇਕ ਸੋਸ਼ਲ ਮੀਡੀਆ ਅਤੇ ਵਰਚੁਅਲ ਤਰੀਕੇ ਉਤੇ ਆਣ ਪਈ ਹੈ। ਇਸ ਦੌਰਾਨ ਕਾਂਗਰਸ ਨੇ ਰਾਹੁਲ ਗਾਂਧੀ ਦੀਆਂ ਦੋ ਰੈਲੀਆਂ, ਪਹਿਲੀ ਜਲੰਧਰ ਅਤੇ ਦੂਜੀ ਲੁਧਿਆਣੇ ਵਿੱਚ ਮੁੱਖ ਮੰਤਰੀ ਵਾਲੇ ਚਿਹਰੇ ਦਾ ਐਲਾਨ ਕਰਨ ਲਈ ਕੀਤੀ। ਸਿਆਸੀ ਆਗੂਆਂ ਨੂੰ ਪਹਿਲਾਂ ਇਸ ਗੱਲ ਦਾ ਡਰ ਸੀ ਕਿ ਸ਼ਾਇਦ ਸੋਸ਼ਲ ਮੀਡੀਆ ਉੱਤੇ ਉਨ੍ਹਾਂ ਨੂੰ ਬਹੁਤੇ ਲੋਕ ਨਹੀਂ ਸੁਣਨਗੇ, ਪਰ ਦੋਵਾਂ ਰੈਲੀਆਂ ਨੂੰ ਮਿਲੇ ਹੁੰਗਾਰੇ ਨੇ ਸਾਰੇ ਰਿਕਾਰਡ ਤੋੜ ਦਿੱਤੇ ਅਤੇ ਘੱਟ ਖਰਚੇ ਅਤੇ ਜ਼ਿਆਦਾ ਲੋਕਾਂ ਤਕ ਪਹੁੰਚ ਲਈ ਰਾਜਸੀ ਪਾਰਟੀਆਂ ਨੂੰ ਪ੍ਰਚਾਰ ਦਾ ਨਵਾਂ ਸਾਧਨ ਵੀ ਦੇ ਦਿੱਤਾ ਹੈ। ਇਸ ਦੌਰਾਨ ਅੱਜ ਤਕ 17 ਲੱਖ ਲੋਕ ਇਸ ਵੀਡੀਓ ਨੂੰ ਵੇਖ ਚੁੱਕੇ ਹਨ, 43 ਹਜ਼ਾਰ ਲੋਕਾਂ ਨੇ ਇਸ ਉੱਤੇ ਕੁਮੈਂਟ ਕੀਤੇ ਅਤੇ 6700 ਲੋਕਾਂ ਨੇ ਇਸ ਨੂੰ ਆਪਣੀ ਫੇਸਬਕ ਉੱਤੇ ਸ਼ੇਅਰ ਕੀਤਾ ਹੈ। ਖਾਸ ਗੱਲ ਇਹ ਹੈ ਕਿ ਇਸ ਵੀਡੀਓ ਨੂੰ 117 ਹਲਕਿਆਂ ਦੇ ਉਮੀਦਵਾਰਾਂ ਅਤੇ ਵਰਕਰਾਂ ਨੇ ਲਾਈਵ ਵੇਖਿਆ।ਜੇ ਰਾਹੁਲ ਵਰਚੁਅਲ ਰੈਲੀ ਦੀ ਥਾਂ ਆਮ ਰੈਲੀ ਕਰਦੇ ਤਾਂ ਵੱਧ ਤੋਂ ਵੱਧ ਪੁੱਜਣ ਵਾਲਿਆਂ ਦੀ ਗਿਣਤੀ ਪੰਜਾਹ ਤੋਂ ਸੱਤਰ ਹਜ਼ਾਰ ਤਕ ਹੁੰਦੀ, ਲੋਕਾਂ ਨੂੰ ਇਕੱਠਾ ਕਰਨ ਤੋਂ ਲੈ ਕੇ ਉਨ੍ਹਾਂ ਨੂੰ ਬਿਠਾਉਣ ਤੇ ਖੁਆਉਣ ਉੱਤੇ ਲੱਖਾਂ ਦਾ ਖਰਚ ਆਉਣਾ ਸੀ। ਵਰਚੁਅਲ ਰੈਲੀ ਵਿੱਚ ਬਹੁਤ ਸਾਰੇ ਖਰਚੇ ਵੀ ਬਚ ਗਏ।

## ਚਰਨਜੀਤ ਸਿੰਘ ਚੰਨੀ ਦਾ ਨਾਂਅ ਐਲਾਨ ਕਰ ਕੇ ਕਾਂਗਰਸ ਨੇ 2024 ਦੀ ਤਿਆਰੀ ਖਿੱਚੀ

ਚੰਡੀਗੜ੍ਹ, 8 ਫਰਵਰੀ (ਪੋਸਟ ਬਿਊਰੋ)- ਕਾਂਗਰਸ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਦੀ ਗੱਲ ਪਹਿਲਾਂ ਤੈਅ ਕਰ ਲਈ ਸੀ, ਪਰ ਚੰਨੀ ਨੂੰ ਦੋ ਰਿਜ਼ਰਵ ਹਲਕਿਆਂ ਸ੍ਰੀ ਚਮਕੌਰ ਸਾਹਿਬ ਅਤੇ ਭਦੌੜ ਤੋਂ ਉਮੀਦਵਾਰ ਬਣਾਉਣ ਨਾਲ ਸਿਆਸੀ ਦ੍ਰਿਸ਼ ਸਾਫ ਹੋ ਗਿਆ ਸੀ। ਓਦੋਂ ਪਾਰਟੀ ਹਾਈ ਕਮਾਨ ਨਵਜੋਤ ਸਿੱਧੂ ਨੂੰ ਭਰੋਸੇ ਵਿੱਚ ਲੈਣਾ ਚਾਹੁੰਦੀ ਸੀ। ਉਨ੍ਹਾ ਨੇ ਚੰਨੀ ਉੱਤੇ ਵੱਡਾ ਦਾਅ ਪੰਜ ਰਾਜਾਂ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੇ ਨਾਲ 2024 ਦੀਆਂ ਆਮ ਚੋਣਾਂ ਦੇ ਲਈ ਖੇਡਿਆ ਹੈ। ਸਿਆਸੀ ਮਾਹਰਾਂ ਅਨੁਸਾਰ ਕਾਂਗਰਸ ਦਲਿਤ ਵਰਗ ਨੂੰ ਆਪਣਾ ਪੱਕਾ ਵੋਟ ਬੈਂਕ ਸਮਝਦੀ ਰਹੀ ਹੈ, ਪਰ ਕਾਂਗਰਸ ਨੇ ਐਸ ਸੀ ਵਰਗ ਦੇ ਆਗੂਆਂ ਨੂੰ ਸਿਰਫ ਰਾਖਵੇਂ ਹਲਕੇ ਜਾਂ ਰਾਖਵੇਂ ਅਹੁਦਿਆਂ ਤਕ ਸੀਮਿਤ ਰੱਖਿਆ ਹੈ।

ਅਕਾਲੀ ਦਲ ਦਾ ਬਹੁਜਨ ਸਮਾਜ ਪਾਰਟੀ ਨਾਲ ਗੱਠਜੋੜ ਹੋਣ ਕਰ ਕੇ ਸਿਆਸੀ ਸਮੀਕਰਨ ਬਦਲ ਗਏ ਹਨ। ਕਰੀਬ ਪੰਝੀ ਸਾਲ ਪਹਿਲਾਂ ਬਸਪਾ ਅਤੇ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਮਿਲ ਕੇ ਲੜੀਆਂ ਤੇ ਇਸ ਗੱਠਜੋੜ ਨੂੰ 11 ਸੀਟਾ ਉੱਤੇ ਜਿੱਤ ਮਿਲੀ ਤੇ ਕਾਂਗਰਸ ਦੋ ਸੀਟਾਂ ਉਤੇ ਸਿਮਟ ਗਈ ਸੀ। ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਉਣਾ ਸਿਆਸੀ ਮਜਬੂਰੀ ਸੀ, ਕਿਉਂਕਿ ਜੇ ਦੁਬਾਰਾ ਮੁੱਖ ਮੰਤਰੀ ਦਾ ਚਿਹਰਾ ਨਾ ਬਣਾਇਆ ਜਾਂਦਾ ਤਾਂ ਇਹ ਸੁਨੇਹਾ ਜਾਣਾ ਸੀ ਕਿ ਕਾਂਗਰਸ ਨੇ ਤਿੰਨ ਮਹੀਨਿਆਂ ਲਈ ਚੰਨੀ ਨੂੰ ਸਿਰਫ ਵਰਤਿਆ ਹੈ। ਇਸ ਕਾਰਨ ਕਾਂਗਰਸ ਨੇ ਉੱਤਰ ਪ੍ਰਦੇਸ਼ ਲਈ ਐਲਾਨੀ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚੋਂ ਸਿੱਧੂ ਨੂੰ ਆਊਟ ਕਰ ਕੇ ਚੰਨੀ ਨੂੰ ਸ਼ਾਮਲ ਕੀਤਾ ਹੈ। ਸੂਤਰ ਦੱਸਦੇ ਹਨ ਕਿ ਸਿੱਧੂ ਨੇ ਪਾਰਟੀ ਹਾਈ ਕਮਾਨ ਉੱਤੇ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਦਾ ਦਬਾਅ ਬਣਾਇਆ ਸੀ।

## ਸਿੱਖ ਇਤਿਹਾਸ ਨਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਤਿੱਖਾ ਵਿਰੋਧ

* ਸਿੱਖ ਤੇ ਕਿਸਾਨ ਸੰਗਠਨਾ ਵੱਲੋਂ ਸਿੱਖਿਆ ਬੋਰਡ ਅੱਗੇ ਧਰਨਾ ਸ਼ੁਰੂ

ਐਸ ਏ ਐਸ ਨਗਰ, 8 ਫਰਵਰੀ (ਪੋਸਟ ਬਿਊਰੋ)- ਦੋ ਪ੍ਰਾਈਵੇਟ ਲੇਖਕਾਂ ਵੱਲੋਂ ਗੁਰੂ ਸਾਹਿਬਾਨ ਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਿਰੁੱਧ ਸਿੱਖ ਅਤੇ ਕਿਸਾਨ ਜਥੇਬੰਦੀਆਂ ਨੇ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਦੀ ਅਗਵਾਈ ਵਿੱਚ ਗੁਰਦੁਆਰਾ ਅੰਬ ਸਾਹਿਬ ਫੇਜ਼-8 ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫ਼ਤਰ ਤਕ ਰੋਸ ਮਾਰਚ ਕੱਢ ਕੇ ਸਿੱਖਿਆ ਬੋਰਡ ਦੇ ਦਫ਼ਤਰ ਅੱਗੇ ਪੁਸਤਕ ਵਿੱਚ ਗ਼ਲਤ ਤੱਥਾਂ ਨੂੰ ਠੀਕ ਕਰਨ ਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਹੋਣ ਤਕ ਪੱਕਾ ਧਰਨਾ ਲਾ ਦਿੱਤਾਹੈ। ਧਰਨੇ ਨੂੰ ਸੰਬੋਧਨ ਕਰਦਿਆਂ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਕਾਂਗਰਸ ਤੇ ਅਕਾਲੀ ਦਲ ਦੇ ਰਾਜ ਵਿੱਚਸਿੱਖਿਆ ਬੋਰਡ ਵੱਲੋਂ ਪ੍ਰਾਈਵੇਟ ਲੇਖਕਾਂ ਵੱਲੋਂ 12ਵੀਂ ਦੀ ਜਮਾਤ ਦੀ ਹਿਸਟਰੀ ਆਫ਼ ਪੰਜਾਬ ਕਿਤਾਬ ਵਿੱਚ ਗ਼ਲਤ ਇਤਿਹਾਸ ਛਾਪਿਆ ਗਿਆ ਹੈ।

ਦੇਰ ਸ਼ਾਮ ਸਥਾਨਕ ਪ੍ਰਸ਼ਾਸਨ ਦੇ ਅਧਿਕਾਰੀਆਂ ਵੱਲੋਂ ਸਿੱਖ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਬੋਰਡ ਚੇਅਰਮੈਨ ਡਾ. ਯੋਗਰਾਜ ਨਾਲ ਮੀਟਿੰਗ ਕਰਾਈ ਗਈ। ਇਸ ਮੀਟਿੰਗ ਵਿੱਚ ਬਲਦੇਵ ਸਿੰਘ ਸਿਰਸਾ, ਗੁਰਿੰਦਰ ਸਿੰਘ ਅਤੇ ਮਨਿੰਦਰ ਸਿੰਘ ਦੋਵੇਂ (ਬੀ ਕੇ ਯੂ ਖੋਸਾ), ਬਲਰਾਜ ਸਿੰਘ, ਬਲਵਿੰਦਰ ਸਿੰਘ, ਬੀ ਕੇ ਯੂ ਚੜੂਨੀ, ਰਾਜਨ ਸਿੰਘ ਚੀਮਾ, ਰਾਜਿੰਦਰ ਸਿੰਘ, ਪਰਮਜੀਤ ਸਿੰਘ, ਬਹਾਦਰ ਸਿੰਘ, ਅਮਰੀਕ ਸਿੰਘ, ਨਵਜਿੰਦਰ ਸਿੰਘ, ਰਾਜਿੰਦਰ ਸਿੰਘ ਬਾਲੀ, ਗੁਰਨਾਮ ਸਿੰਘ ਯੂਨਾਈਟਿਡ ਦਲ ਸ਼ਾਮਲ ਸਨ। ਮੀਟਿੰਗ ਤੋਂ ਬਾਹਰ ਆਉਣ 'ਤੇ ਸਿਰਸਾ ਨੇ ਦੱਸਿਆ ਕਿ ਉਨ੍ਹਾਂ ਬੋਰਡ ਦੇ ਚੇਅਰਮੈਨ ਤੋਂ ਮਾਰਕੀਟ ਵਿੱਚੋਂ ਖੁੱਲ੍ਹੇਆਮ ਵਿਕਦੀਆਂ ਇਨ੍ਹਾਂ ਕਿਤਾਬਾਂ ਨੂੰ ਜ਼ਬਤ ਕਰਨ ਦੀ ਮੰਗ ਕੀਤੀ ਹੈ।

## ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਫਰਲੋ ਮਿਲਣ ਨਾਲ ਪੰਜਾਬ ਦੀ ਸਿਆਸਤ ਵਿੱਚ ਨਵੀਂ ਹਲਚਲ

ਬਠਿੰਡਾ, 8 ਫਰਵਰੀ (ਪੋਸਟ ਬਿਊਰੋ)- ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ ਨੂੰ ਮਿਲੀ 21 ਦਿਨ ਫਰਲੋ ਨਾਲ ਪੰਜਾਬ ਦੀਆਂ ਸਿਆਸੀ ਸਰਗਰਮੀਆਂ ਵਿੱਚ ਨਵੀਂ ਹਲਚਲ ਪੈਦਾ ਹੋਣ ਦੇ ਅਸਰ ਪੈਦਾ ਹੋ ਗਏ ਹਨ।

